
# ਅੰਮ੍ਰਿਤ ਕੀਰਤਨ

ਅੰਕ 6 ਸਾਲ ਪੰਜਵਾਂ ਜੂਨ, 93




**ਆਨਰੇਰੀ ਸੰਪਾਦਕ** : ਡਾ. ਜਾਗੀਰ ਸਿੰਘ, 422 ਸੈਕਟਰ 15-ਏ, ਚੰਡੀਗੜ੍ਹ ਫੋਨ : 24660

# ਅੰਮ੍ਰਿਤ ਕੀਰਤਨ

ਅੰਕ 6 ਸਾਲ ਪੰਜਵਾਂ ਜੂਨ, 1993

**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ

**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ ਕਰਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ

**ਚਿੱਤਰਕਾਰ**
ਗੁਰਦੀਪ ਸਿੰਘ ਦੀਪ

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ੲੇ,
ਚੰਡੀਗੜ੍ਹ-160 015
ਫੋਨ : 24660

**ਚੰਦੇ ਦਾ ਵੇਰਵਾ**
ਇਕ ਕਾਪੀ 5 ਰਪਏ
ਦੇਸ਼ ਸਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏਂ
ਵਿਦੇਸ਼ ਸਲਾਨਾ 500 ਰੁਪਏ
ਜੀਵਨ ਮੈਂਬਰ 5000 ਰੁਪਏ

1. ਆਸਾ ਰਾਗੁ ਵਾਰ ਦੀ ਚੋਣਵੀਂ (24) ਪਉੜੀ ਸਲੋਕ ਸਾਹਿਤ ਵੀਚਾਰ —ਪ੍ਰੇਮ ਸਿੰਘ ਪ੍ਰੇਮ 1
2. ਗੁਰਮਤਿ ਸੰਗੀਤ ਦੀ ਪਛਾਣ ਹਿਤ —ਡਾ. ਗੁਰਨਾਮ ਸਿੰਘ 3
3. ਸੰਗੀਤ ਨਾਲ ਬੀਮਾਰੀਆਂ ਤੇ ਕਾਬੂ ਪਾਓ —ਕਰਨਬੀਰ ਕੌਰ 7
4. ਗੁਰਮਤਿ ਵਿੱਚ ਕੀਰਤਨ ਦਾ ਮਹੱਤਵ —ਸੁਰਜੀਤ ਸਿੰਘ ਭਾਟੀਆ 9
5. ਸੰਗੀਤ ਮਹਾਂ ਵਿਦਿਆਲੇ 17
6. ਸੱਚ-ਖੰਡ ਸ੍ਰੀ ਹਰਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਜੀ ਦੀ ਪਵਿੱਤਰ ਮਰਯਾਦਾ —ਹਰਮੋਹਨ ਸਿੰਘ 20
7 ਸਦ ਖੁਸ਼ੀਆਂ ਕੀਰਤਨ ਜਪ ਨਾਮ —ਡਾ. ਤਰਲੋਚਨ ਸਿੰਘ ਬਟਾਲਾ 21
8. ਬੰਧੀ ਛੋੜ ਸੰਗੀਤ ਵਿਦਿਆਲਯ ਦਾ ਸੰਚਾਲਨ 24
9. ਗੁਰਬਾਣੀ ਸੰਗੀਤ ਦੀ ਮਾਨਤਾ ਸਰੂਪ ਤੇ ਵਿਕਾਸ — ਡਾ. ਦਰਸ਼ਨ ਸਿੰਘ ਨਰੂਲਾ 27
10. ਗੁਰੂ ਕਾਵਿ ਵਿਚ ਅਨੁਭਵ ਅਤੇ ਸੰਗੀਤ ਦਾ ਸੰਬੰਧ —ਡਾ. ਜਾਗੀਰ ਸਿੰਘ 30

**ਨੋਟ :** ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਣਿਤ ਹੈ ।

# ਆਸਾ ਰਾਗੁ ਵਾਰ ਦੀ ਚੋਣਵੀਂ (24) ਪਉੜੀ
# ਸਲੋਕ ਸਹਿਤ ਵੀਚਾਰ

**ਮੂਲ** **ਸਲੋਕ ਮ:੧**

ਆਪੇ ਭਾਡੇ ਸਾਜੀਅਨ ਆਪੇ ਪੂਰਣੁ ਦੇਇ॥

ਇਕਨੀ ਦੁਧੁ ਸਮਾਈਐ ਇਕਿ ਚੁਲੈ ਰਹਿਨ ਚੜੇ ॥

ਇਕਿ ਨਿਹਾਲੀ ਪੈ ਸਵਨਿ ਇਕਿ ਉਪਰਿ ਰਹਨਿ ਖੜੇ ॥

ਤਿਨਾ ਸਵਾਰੇ ਨਾਨਕਾ ਜਿਨ ਕਉ ਨਦਰਿ ਕਰੇ ॥੧॥ ਮਹਲਾ ੨॥

ਆਪੇ ਸਾਜੇ ਕਰੇ ਆਪਿ ਜਾਈ ਭਿ ਰਖੈ ਆਪਿ॥

ਤਿਸੁ ਵਿਚਿ ਜੰਤ ਉਪਾਇ ਕੈ ਦੇਖੈ ਥਾਪਿ ਉਥਾਪਿ॥

ਕਿਸਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ॥

**ਵੀਚਾਰ**: ਅਕਾਲ ਪੁਰਖ ਦੀ ਮੇਹਰ ਸਦਕਾ ਹੀ (ਹੁਕਮ ਵਿਚ ਇਨਸਾਨਾਂ ਦੇ ਸਰੀਰ ਰੂਪੀ ) ਭਾਂਡੇ ਰਚੇ ਗਏ ਹਨ (ਤੇ) ਆਪਣੀ ਕ੍ਰਿਪਾ ਸਦਕਾ ਹੀ ਇਨ੍ਹਾਂ ਨੂੰ ਪੂਰਣਤਾ ਬਖਸ਼ੇਗਾ ॥

ਭਾਵ ਸਰੀਰਕ ਸੁਖ ਆਰਾਮ ਤੇ ਦੁਖ ਦੀਆਂ ਭਿੰਨ ਭਿੰਨ ਅਵਸਥਾ ਵਿੱਚ ਹਨ। ਇਹ ਨਿਰਣਾ ਨਹੀ ਹੋ ਸਕਦਾ ਕਿ ਕਿਹੜੇ ਜੀਵ (ਸਰੀਰ) ਪਰਵਾਣ ਹਨ ਤੇ ਕਿਹੜੇ ਨਹੀ ਮਿਸਾਲ ਵਜੋਂ ਇਕ ਤਲਾਈਆ ਗਦੇਲਿਆ ਵਿੱਚ ਆਰਾਮ ਕਰ ਰਹੇ ਹਨ ਤੇ ਦੂਜੇ ਉਨ੍ਹਾਂ ਉਤੇ ਸੇਵਾ ਵਿਚ ਖਲੋਤੇ ਪਹਿਰਾ ਦਿੰਦੇ ਹਨ, ਪਰ ਇਹ ਨਹੀਂ ਆਖਿਆ ਜਾ ਸਕਦਾ ਉਨ੍ਹਾਂ ਵਿਚੋਂ ਪਰਵਾਨ ਕਿਹੜਾ ਚੜ੍ਹੇ। ਸੋ ਪਰਵਾਨ ਹੁੰਦਾ ਹੈ ਜਿਨ੍ਹਾਂ ਨੂੰ ਵਾਹਿਗੁਰੂ ਮਿਹਰ ਦੀ ਨਜ਼ਰ ਨਾਲ ਸੰਵਾਰਦਾ ਹੈ। ਓਹੀ ਪੂਰਣਤਾ ਨੂੰ ਅਪੜੇ ਸਮਝੋ ਜੋ ਹੁਕਮ ਨੂੰ ਖਿੜੇ ਮੱਥੇ ਪਰਵਾਨ ਕਰਦੇ ਹਨ। ਉਸ ਉੱਪਰਲੇ ਸਲੋਕ ਦੀ ਗੁਰੂ ਅਗੰਦ ਦੇਵ ਜੀ ਬੁਝਾਰਤ ਖੋਲਦੇ ਹਨ ਕਿ ਆਪ ਹੀ ਵਾਹਿਗੁਰੂ ਸਾਰੀ ਸਿਰਜਨਾ ਸਾਜਦਾ ਹੈ (ਅਤੇ ਆਪ ਹੀ ਸੰਭਾਲ ਕਰਦਾ ਹੈ। ਸੋ ਕਿਸਨੋਂ ਕਹੀਐ ਵਿਚ ਭਾਵ ਇਹ ਹੈ ਕਿ ਸਾਜਨਹਾਰ ਅਕਾਲ ਪੁਰਖ ਅਗੇ ਹੀ ਅਰਦਾਸ ਕਰਨੀ ਚਾਹੀਦੀ ਹੈ ਸਾਹਿਬ ਗੁਰੁ ਅਰਜਨ ਦੇਵ ਜੀ ਨੇ ਇਸ ਉਪ੍ਰੋਕਤ ਤੁਕ ਐਉ ਖੋਲਿਆ ਹੈ:-

(ਆਸਾ ਮ: )

**ਮੂਲ**: ਪਉੜੀ ॥ ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ ॥

ਸੋ ਕਰਤਾ ਕਦਰ ਕਰੀਮੁ ਦੇ ਜੀਆ ਰਿਜਕੁ ਸੰਬਾਹਿ ॥

ਸਾਈ ਕਾਰ ਕਮਾਵਣੀ ਧੁਰ ਛੋਡੀ ਤਿੰਨੈ ਪਾਇ ॥

ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀਂ ਜਾਈ ॥

ਸੋ ਕਰੇ ਜਿ ਤਿਸੇ ਰਜਾਇ ॥ ॥੧॥ ਸੁਧ॥

**ਵਿਆਖਿਆ**

ਉਸ ਵਡੇ (ਅਕਾਲ ਪੁਰਖ) ਦੀਆਂ ਵਡਿਆਈਆਂ ਦਾ ਕਹਿਣਾ ਕਹੀਏ ਤਾਂ ਵੀ ਕੁਝ ਕਿਹਾ ਨਹੀਂ ਜਾ ਸਕਦਾ ਜਿਵੇਂ ਸਾਹਿਬਨੇਗਉੜੀ ਰਾਗ ਵਿਚ ਵੀ ਫੁਰਮਾਇਆ ਹੈ :- ਕਹਣਾ ਹੈ ਕਿਛੁ ਕਹਣੁ ਨ ਜਾਇ ॥ (ਗਉੜੀ ਮ: 1)

ਪਰ ਅਸਲ ਗਲ ਤਾਂ ਇੰਝ ਹੈ ਕਿ ਭਾਵੇਂ ਉਸਦੀ ਸਾਰੀ ਵਡਿਆਈ ਕੋਈ ਵੀ ਨਹੀਂ ਬਿਆਨ ਕਰ ਸਕਦਾ ਪਰ ਅਸੀਂ ਕੁਝ ਤਾਂ ਕਹਿ ਹੀ ਸਕਾਂਗੇ। ਇਹ ਹੀ ਗੁਰ ਸਿਖੀ ਦਾ ਮਾਰਗ ਹੈ। ਸਾਹਿਬ ਗੁਰੂ ਨਾਨਕ ਪਾਤਸ਼ਾਹ ਹੀ ਇਕ ਹੋਰ ਥਾਂ ਫਰਮਾਉਦੇ ਹਨ:-

" ਜਬ ਲਗ ਦੁਨੀਆਂ ਰਹੀਐ ਨਾਨਕ ਕਿਛ ਸੁਣੀਐ ਕਿਛ ਕਹੀਐ"

ਯਥਾ:-

"ਜਿਸਨੋ ਬਖਸ਼ੇ ਸਿਫਤਿ ਸਾਲਾਹਾ ਨਾਨਕ ਪਾਤਸਾਹੀ ਪਾਤਸਾਹ।"

ਮਤਲਬ ਇਹ ਹੈ ਕਿ ਵਡਿਆਈ ਨਾਲ ਅੰਤ ਤਾਂ ਨਹੀ ਪਾ ਸਕੀਦਾ, ਪਰ ਸਾਂਈਂ ਵਿਚ ਸਮਾਉਣ ਲਈ ਵਡਿਆਈ ਕਰਨੀ ਜ਼ਰੂਰੀ ਹੈ। ਜਿਸ ਤਰਾਂ ਗੁਰੂ ਨਾਨਕ ਪਾਤਸ਼ਾਹ ਦਾ ਫੁਰਮਾਨ ਹੈ :-

"ਕੀਮਤਿ ਪਾਇ ਨਾ ਕਹਿਆ ਜਾਇ ॥

ਕਹਣੇ ਵਾਲੇ ਤੇਰੇ ਰਹੇ ਸਮਾਇ ॥ ( ਆਸਾ ਮ: )

ਧੁਰ ਤੋਂ ਹੀ "ਵਡਿਆਈਆਂ ਕਰਨ ਦੀ ਕਾਰ-ਸਾਂਈਂ ਨੇ ਗੁਰੂ ਜੀ ਨੂੰ ਦਿਤੀ ਹੈ ਜਿਸ ਤਰਾਂ ਆਪ ਜੀ ਨੇ ਬਾਣੀ ਵਿਚ ਹੀ ਕਿਹਾ ਹੈ :-

"ਹਉ ਢਾਢੀ ਵੇਕਾਰੁ ਕਾਰੇ ਲਾਇਆ ॥

"ਸੁਧ" 'ਸਮਾਪਤ' ਭੁਲਾਂ ਦੀ ਖਿਮਾਂ ਦਾ ਯਾਚਕ ਹੈ ।

ਪ੍ਰੇਮ ਸਿੰਘ

3495/ 37-ਡੀ

# ਗੁਰਮਤਿ ਸੰਗੀਤ ਦੀ ਪਛਾਣ ਹਿਤ

ਡਾ. ਗੁਰਨਾਮ ਸਿੰਘ

ਜੁਗੋ ਜੁਗ ਅੱਟਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ, ਵਿਸ਼ਵ ਭਾਈਚਾਰੇ ਨੂੰ ਗੁਰੂ ਸਾਹਿਬਾਨ ਦਾ ਵੱਡਮੁੱਲਾ ਯੋਗਦਾਨ ਹੈ। ਇਹ ਆਪਣੇ ਸਰਬਕਾਲਿਕ, ਬ੍ਰਹਿਮੰਡੀ ਗੁਣਾਂ ਕਰਕੇ ਮਾਨਵੀ ਜੀਵਨ ਵਿਚ ਕੇਂਦਰੀ ਮਹੱਤਵ ਰੱਖਦੀ ਹੈ। ਇਸ ਮਹੱਤਵ ਸਦਕਾ ਅਸੀਂ 'ਗੁਰੂ ਹੈ ਬਾਣੀ', 'ਗੁਰੂ ਮਾਨਿਓ ਗ੍ਰੰਥ' ਅਤੇ 'ਖੋਜ ਸਬਦ ਮਹਿ ਲੇ' ਦੇ ਅਨੁਸਾਰੀ ਹੁੰਦੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨਾਂ ਅਤੇ ਹੁਕਮ ਤੋਂ ਹੀ ਸਪਸ਼ਟ ਹੋ ਜਾਂਦਾ ਹੈ ਕਿ ਇਸ ਬਾਣੀ ਨੂੰ ਇਕ ਵਿਸ਼ੇਸ਼ ਵਿਉਂਤ ਤੇ ਤਰਤੀਬ ਅਨੁਸਾਰ ਸੰਕਲਿਤ ਕੀਤਾ ਹੈ। ਇਹ ਵਿਉਂਤ ਤੇ ਤਰਤੀਬ ਜਿਥੇ ਇਕ ਵਿਸ਼ਿਸ਼ਟ ਬਾਣੀ ਪ੍ਰਬੰਧ ਵਜੋਂ ਉਜਾਗਰ ਹੁੰਦੀ ਹੈ, ਉਥੇ ਇਸ ਤੋਂ ਇਸ ਦਾ ਵਿਸ਼ੇਸ਼ ਸੰਗੀਤ ਪ੍ਰਬੰਧ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਅਗਿਆਨਤਾ ਵੱਸ ਅਤੇ ਸਾਡੀ ਆਪਣੀ ਅਣਗਹਿਲੀ ਕਰਕੇ ਬਾਣੀ ਦੇ ਅਧਿਐਨਕਾਰਾਂ ਨੇ (ਜੋ ਮੂਲ ਰੂਪ ਵਿਚ ਸਾਹਿਤ ਦੇ ਵਿਦਵਾਨ ਸਨ) ਇਸ ਦੇ ਅਧਿਆਤਮਕ ਮਹੱਤਵ ਨੂੰ ਕੇਵਲ ਦਾਰਸ਼ਨਿਕ ਜਾਂ ਸਾਹਿਤਕ ਸੰਦਰਭ ਵਿਚ ਵਿਖਿਆਉਣ ਦੇ ਯਤਨ ਕੀਤੇ ਹਨ। ਅੱਜ ਵੀ ਬਾਣੀ ਦਾ ਵਧੇਰੇ ਕਰਕੇ ਅਧਿਐਨ ਇਸੇ ਦ੍ਰਿਸ਼ਟੀ ਤੋਂ ਕੀਤਾ ਜਾਂਦਾ ਹੈ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਸੰਕਲਨ ਦੀ ਵਿਸ਼ੇਸ਼ ਵਿਉਂਤ ਤੇ ਤਰਤੀਬ ਤੇ ਅਹਿਮ ਆਧਾਰ ਸੰਗੀਤ (ਰਾਗ/ਰਾਗ ਤਰਤੀਬ ਤੇ ਰਾਗ ਪ੍ਰਬੰਧ) ਪ੍ਰਤਿ ਕੋਈ ਵਿਸ਼ੇਸ਼ ਤਵੱਜੋ ਨਹੀਂ ਦਿੱਤੀ ਗਈ, ਜਦੋਂ ਕਿ ਸ਼ਬਦ/ਬਾਣੀ ਨੂੰ ਖੋਜਣ, ਚੀਨਣ, ਤੇ ਮਨ ਵਸਾਉਣ ਵਿਚ ਇਸ ਦਾ ਵਿਸ਼ਿਸ਼ਟ ਮਹੱਤਵ ਰਿਹਾ ਹੈ। ਸ਼ਬਦ ਕੀਰਤਨ ਦੀ ਪ੍ਰੰਪਰਾ ਕਿਰਿਆਤਮਕ ਰੂਪ ਵਿਚ ਸਿੱਖ ਧਰਮ ਦਾ ਅਨਿੱਖੜ ਅੰਗ ਰਹੀ ਹੈ। ਅੱਜ ਵੀ ਇਸ ਵਡੇਰੀ ਤੇ ਮਹਾਨ ਪ੍ਰੰਪਰਾ ਬਿਨਾਂ ਸਾਡਾ ਕੋਈ ਵੀ ਕਾਰਜ (ਜੀਵਨ/ਸਿੱਖੀ ਜੀਵਨ/ਮਰਿਆਦਾ) ਸੰਪੂਰਨ ਨਹੀਂ। ਕੀਰਤਨ ਦੀ ਭਾਰਤੀ ਪ੍ਰੰਪਰਾ ਵੀ ਆਪਣਾ ਨਿਵੇਕਲਾ, ਵਿਲੱਖਣ ਤੇ ਵਡੇਰਾ ਇਤਿਹਾਸਕ ਵਿਕਾਸ ਰੱਖਦੀ ਹੈ ਪਰ ਸਮੂਹ ਪੂਰਵਕਾਲੀਨ ਤੇ ਸਮਕਾਲੀਨ ਕੀਰਤਨ ਪ੍ਰੰਪਰਾਵਾਂ ਦੇ ਸੰਦਰਭ ਵਿਚ ਸ਼ਬਦ ਕੀਰਤਨ ਦੀ ਸਿੱਖ ਪ੍ਰੰਪਰਾ ਦਾ ਵਿਸ਼ੇਸ਼ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਿੱਖ ਧਰਮ ਦੀ ਵਿਵਹਾਰਕ ਕੀਰਤਨ ਦੀ ਪ੍ਰੰਪਰਾ ਤੋਂ ਸਪਸ਼ਟ ਹੋ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਵਿਭਿੰਨ ਧਰਮਾਂ, ਜਾਤਾਂ, ਖਿੱਤਿਆਂ ਤੇ ਇਲਾਕਿਆਂ ਨਾਲ ਸਬੰਧਿਤ ਸੰਤਾਂ, ਭਗਤਾਂ ਤੇ ਮਹਾਪੁਰਖਾਂ ਦੀ ਬਾਣੀ ਨੂੰ ਇਕ ਥਾਂ ਇਕੱਤਰ ਕਰਨ ਦਾ ਉਪਰਾਲਾ ਅਤੇ ਮੰਤਵ ਸਾਨੂੰ ਭਲੀ ਭਾਂਤ ਪਤਾ ਹੈ। ਇਨ੍ਹਾਂ ਮਹਾਂਪੁਰਖਾਂ ਦੀ ਬਾਣੀ ਕੇਵਲ ਕਾਵਿਕ/ਭਾਸ਼ਿਕ ਸਰੂਪ ਜਾਂ ਵਿਸ਼ੇਸ਼ ਅਧਿਆਤਮਕ ਵਿਚਾਰਧਾਰਾਂ ਦੀ ਧਾਰਨੀ ਨਹੀਂ ਸੀ ਸਗੋਂ ਇਹ ਆਪਣੀਆਂ ਆਪਣੀਆਂ ਪ੍ਰੰਪਰਾਵਾਂ ਦੀ, ਕੀਰਤਨ-ਸੰਗੀਤ ਪ੍ਰੰਪਰਾਵਾਂ ਦੀ ਪ੍ਰਸਤੁਤੀ-ਛਾਇਆ ਵੀ ਰਖਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਕਲਨ ਦੁਆਰਾ ਇਨ੍ਹਾਂ ਵਿਭਿੰਨ ਕੀਰਤਨ ਤੇ ਸੰਗੀਤਕ ਵਿਸ਼ਿਸ਼ਟਤਾਵਾਂ ਦੀਆਂ ਧਾਰਨੀ ਬਾਣੀਆਂ ਨੂੰ ਗੁਰੂ

ਗ੍ਰੰਥ ਸਾਹਿਬ ਜੀ ਦੇ 'ਸੰਗੀਤਕ ਸੰਕਲਨ-ਪ੍ਰਬੰਧ' ਦੇ ਅੰਤਰਗਤ ਵਿਉਂਤਿਆ ਤੇ ਤਰਤੀਬਿਆ ਗਿਆ। ਇਸ 'ਸੰਗੀਤਕ ਸੰਕਲਨ-ਪ੍ਰਬੰਧ' ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਦਾ ਆਧਾਰ ਉਜਾਗਰ ਹੁੰਦਾ ਹੈ ਜਿਸ ਦੇ ਵਿਵਹਾਰਕ ਰੂਪ ਦਾ ਵਡੇਰਾ ਕੈਨਵਸ ਸਿਖ ਧਰਮ ਦੀ 'ਸ਼ਬਦ-ਕੀਰਤਨ ਪ੍ਰੰਪਰਾ' ਹੈ ਜਿਸ ਨੂੰ 'ਗੁਰਬਾਣੀ ਸੰਗੀਤ' ਜਾਂ 'ਗੁਰਮਤਿ ਸੰਗੀਤ' ਕਿਹਾ ਜਾਂਦਾ ਹੈ। ਇਸੇ ਕਰਕੇ 'ਗੁਰਮਤਿ ਸੰਗੀਤ' ਭਾਰਤੀ ਸੰਗੀਤ ਦੀਆਂ ਸਮੂਹ ਪ੍ਰੰਪਰਾਵਾਂ ਦੀ ਤੁਲਨਾ ਵਿਚ ਵੱਖਰੀ ਪਹਿਚਾਣ ਰੱਖਦਾ ਹੈ। ਇਸ ਨੂੰ ਸਮੂਰਤ ਕਰਨ ਵਾਲੇ ਮੂਲ ਧੁਨਿਕ ਤੇ ਸੰਗੀਤ ਤੱਤ ਭਾਵੇਂ ਸੰਗੀਤ ਜਾਂ ਭਾਰਤੀ ਸੰਗੀਤ ਵਿਚੋਂ ਹੀ ਲਏ ਗਏ ਪ੍ਰੰਤੂ ਪ੍ਰਯੋਗ, ਪ੍ਰਸਤੁਤੀ, ਮਹੱਤਵ ਤੇ ਉਦੇਸ਼ ਦੀ ਪੱਧਰ ਉਤੇ ਇਨ੍ਹਾਂ ਦੀ ਵੱਖਰਤਾ 'ਗੁਰਮਤਿ ਸੰਗੀਤ' ਨੂੰ ਮੁਰਤੀਮਾਨ ਕਰਨ ਵਿਚ ਸਹਾਈ ਹੁੰਦੀ ਹੈ।

ਪਿਛਲੇ ਕੁਝ ਸਮੇਂ ਤੋਂ ਗੁਰਮਤਿ ਸੰਗੀਤ ਦੀ ਇਸ ਵਿਲੱਖਣਤਾ ਨੂੰ ਪਹਿਚਾਣਨ ਲਈ ਕਈ ਪ੍ਰਕਾਰ ਦੇ ਯਤਨ ਆਰੰਭੇ ਗਏ ਹਨ। ਕਈ ਅਦਾਰੇ, ਸੰਸਥਾਵਾਂ, ਵਿਦਵਾਨ, ਸੰਤ ਮਹਾਤਮਾ ਇਸ ਉਚੇਰੇ ਯਤਨ ਵਿਚ ਸ਼ਾਮਲ ਹਨ। ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਵਿਵਹਾਰਕ ਯਤਨ ਵੀ ਹੋਏ ਹਨ ਜਿਨ੍ਹਾਂ 'ਚ ਕੀਰਤਨ ਚੌਕੀਆਂ ਦੀ ਰਿਕਾਰਡਿੰਗ ਕਰਵਾਏ ਜਾਣ ਦੀ ਯੋਜਨਾ ਵਿਸ਼ੇਸ਼ ਹੈ। ਇਸ ਯਤਨ ਨੂੰ ਸਾਕਾਰ ਬਣਾਉਣ ਲਈ ਪੰਜਾਬ ਸਕੂਲ ਸਿੱਖਿਆ ਬੋਰਡ, ਪੰਜਾਬੀ ਯੂਨੀਵਰਸਿਟੀ ਤੇ ਗੁਰੂ ਨਾਨਕ ਅਧਿਐਨ ਵਿਭਾਗ, ਪੰਜਾਬ ਯੂਨੀਵਰਸਿਟੀ ਦੇ ਯਤਨ ਅਹਿਮ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਨੇ ਗੁਰਮਤਿ ਸੰਗੀਤ ਨੂੰ ਸੀਨੀਅਰ ਸੈਕੰਡਰੀ ਸ਼੍ਰੇਣੀਆਂ ਵਿਚ ਵਿਸ਼ੇ ਵਜੋਂ ਲਾਗੂ ਕਰਕੇ ਵਡੇਰਾ ਉਪਰਾਲਾ ਕੀਤਾ ਹੈ। ਪੰਜਾਬੀ ਯੂਨੀਵਰਸਿਟੀ ਨੇ ਗੁਰਮਤਿ ਸੰਗੀਤ ਉਤੇ ਮਹੱਤਵਪੂਰਨ ਪ੍ਰਕਾਸ਼ਨਾਵਾਂ, ਸੈਮੀਨਾਰਾਂ ਅਤੇ ਹੁਣੇ ਗੁਰਮਤਿ ਸੰਗੀਤ ਨੂੰ ਐਮ. ਏ. ਵਿਚ ਵਿਸ਼ੇ ਵਜੋਂ ਮਾਨਤਾ ਦੇਣ ਦੇ ਵਿਸ਼ੇਸ਼ ਉਪਰਾਲੇ ਸ਼ੁਰੂ ਕੀਤੇ ਹਨ। ਸੰਤ ਬਾਬਾ ਸੁੱਚਾ ਸਿੰਘ ਗੁਰਦੁਆਰਾ ਗੁਰੂ ਗਿਆਨ ਪ੍ਰਕਾਸ਼, ਲੁਧਿਆਣਾ ਦੀ ਅਗਵਾਈ ਅਧੀਨ 'ਵਿਸਮਾਦੁ ਨਾਦ' ਵਲੋਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ 1991, 1992 ਆਡੀਓ ਵੀਡਿਓ ਕੈਸਟਾਂ, ਗੁਰਮਤਿ ਸੰਗੀਤ-ਸਾਹਿਤ ਦੀ ਪ੍ਰਕਾਸ਼ਨਾ ਆਪਣੇ ਆਪ ਵਿਚ ਵਿਲੱਖਣ ਤੇ ਸ਼ਲਾਘਾਯੋਗ ਕਾਰਜ ਹੈ ਜਿਸ ਨੇ ਸਮੂਹ ਸਿੱਖ ਸੰਗਤਾਂ, ਯੂਨੀਵਰਸਿਟੀਆਂ ਤੇ ਵਿਦਵਾਨਾਂ ਦਾ ਧਿਆਨ ਆਕਰਸ਼ਿਤ ਕੀਤਾ ਹੈ। ਇਸ ਖੇਤਰ ਵਿਚ ਕਈ ਮਹਾਨ ਸ਼ਖਸੀਅਤਾਂ ਨੇ ਆਪੋ ਆਪਣੀ ਯੋਗਤਾ ਦੁਆਰਾ ਅਹਿਮ ਹਿੱਸਾ ਪਾਇਆ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਇਸ ਖੇਤਰ ਵਿਚ ਭਾਵੇਂ ਅਜੇ ਕੋਈ ਵਿਸ਼ੇਸ਼ ਯਤਨ ਤਾਂ ਨਹੀਂ ਕੀਤੇ ਪਰ 'ਡਿਵੋਸ਼ਨਲ ਮਿਊਜ਼ਿਕ ਚੇਅਰ' ਤੇ ਸੰਗੀਤ ਵਿਭਾਗ ਦੀ ਸਥਾਪਨਾ (ਭਾਵੇਂ ਸੰਗੀਤ ਵਿਭਾਗ ਵਿਚ ਨਿਯੁਕਤੀਆਂ, ਖੋਜ ਤੇ ਅਧਿਐਨ ਦੇ ਪੱਧਰ 'ਤੇ ਇਸਨੂੰ ਅਣਗੌਲਿਆ ਹੀ ਕੀਤਾ ਗਿਆ ਹੈ) ਇਸ ਗੱਲ ਦੀ ਸੂਚਕ ਹੈ ਕਿ ਇਸ ਯੂਨੀਵਰਸਿਟੀ ਦੇ ਅਧਿਕਾਰੀਆਂ ਤੋਂ ਇਸ ਪ੍ਰੰਪਰਾ ਪ੍ਰਤਿ ਉਸਾਰੂ ਯਤਨਾਂ ਦੀ ਅਜੇ ਵੀ ਆਸ ਰੱਖੀ ਜਾ ਸਕਦੀ ਹੈ।

ਗੁਰਮਤਿ ਸੰਗੀਤ ਸਬੰਧੀ ਉਕਤ ਯਤਨ ਸ਼ਲਾਘਾਯੋਗ ਹਨ ਪਰ ਇਸ ਮਹਾਨ ਵਿਰਸੇ ਦੀ ਉਚਤਾ ਨੂੰ ਅਜੇ ਅਸੀਂ ਪੂਰਨ ਰੂਪ ਵਿੱਚ ਨਹੀਂ ਪਹਿਚਾਣਿਆ। ਇਸ ਖੇਤਰ ਦੀ ਵਿਸ਼ਾਲਤਾ ਨੂੰ ਸਮਝਣ ਤੇ ਗੁਰੂ ਸ਼ਬਦ ਕੀਰਤਨ/ਗੁਰਮਤਿ ਸੰਗੀਤ ਨੂੰ ਸਹੀ ਅਰਥਾਂ ਵਿਚ ਬੁੱਝਣ ਤੇ ਸਮਝਣ ਲਈ ਜ਼ਰੂਰੀ ਹੈ ਕਿ ਪੂਰਨ ਤਨਦੇਹੀ ਨਾਲ ਕੁਝ ਹੋਰ ਯਤਨ ਕੀਤੇ ਜਾਣ। ਦਿਸ਼ਾ,ਵਿਧੀ, ਉਦੇਸ਼ ਤੇ ਵਿਚਾਰਾਂ ਵਿਚ ਵੱਖਰਤਾ ਹੋ ਸਕਦੀ ਹੈ ਪਰ ਆਪਣੇ ਵਿਰਸੇ-ਮੂਲ ਦੀ ਪਛਾਣ ਵੱਲ ਅਸੀਂ ਸਾਰੇ ਰੁਚਿਤ ਹਾਂ, ਇਹ ਸਾਡੇ ਸਾਰਿਆਂ ਵਿਚ ਆਪਣੀ ਵੱਖਰੀ ਪਹਿਚਾਣ ਦੇ ਜਜ਼ਬੇ ਤੋਂ ਪ੍ਰਤੱਖ ਹੈ। ਇਸ ਲਈ ਜ਼ਰੂਰਤ ਹੈ:

1. ਕੀਰਤਨ ਦੇ ਵਿਵਹਾਰਕ ਸਰੂਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਦੇਸ਼ਾਂ, ਸੰਕੇਤਾਂ, ਫੁਰਮਾਨਾਂ ਦੁਆਰਾ ਦਰਸਾਏ ਸੰਗੀਤ ਪ੍ਰਬੰਧ ਦਾ ਅਨੁਸਾਰੀ ਬਣਾ ਕੇ ਪ੍ਰਚਾਰਿਆ ਜਾਵੇ।
2. ਸ਼ਬਦ ਕੀਰਤਨ ਦੇ ਵਿਵਿਧ ਰਾਗਾਂ, ਗਾਇਨ ਰੂਪਾਂ ਆਦਿ ਨੂੰ ਆਡੀਓ, ਵੀਡੀਓ ਕੈਸੇਟਾਂ ਦੇ ਰੂਪ ਵਿਚ ਸੁਰਖਿਅਤ ਕੀਤਾ ਜਾਵੇ ਤੇ ਸਿਖਲਾਈ ਤੇ ਪ੍ਰਚਾਰ ਲਈ ਯਤਨ ਆਰੰਭੇ ਜਾਣ।
3. ਗੁਰਮਤਿ ਸੰਗੀਤ ਦੇ ਖੇਤਰ ਵਿਚ ਹੋ ਰਹੇ ਖੋਜ ਕਾਰਜਾਂ ਨੂੰ ਹੋਰ ਵੀ ਉਤਸ਼ਾਹਿਤ ਕੀਤਾ ਜਾਵੇ ਅਤੇ ਗੋਸ਼ਟੀਆਂ, ਵਿਵਹਾਰਕ ਅਤੇ ਗੁਰਮਤਿ ਸੰਗੀਤ ਵਿਚਾਰ-ਸਮਾਗਮਾਂ ਦਾ ਆਯੋਜਨ ਕੀਤਾ ਜਾਵੇ।
4. ਗੁਰਮਤਿ ਸੰਗੀਤ ਦੀ ਸਿਖਲਾਈ ਲਈ ਉਚ ਪੱਧਰ ਦੇ ਗੁਰਮਤਿ ਸੰਗੀਤ ਵਿਦਿਆਲਿਆ ਦੀ ਸਥਾਪਨਾ ਕੀਤੀ ਜਾਵੇ ਪਰ ਕੀਰਤਨ ਕੇਵਲ ਗੁਰਮਤਿ ਸੰਗੀਤ ਦੀ ਨਿਰਧਾਰਤ ਪ੍ਰੰਪਰਾ ਅਨੁਸਾਰ ਹੀ ਸਿਖਾਇਆ ਜਾਵੇ ਨਹੀਂ ਤਾਂ ਇਸ ਪ੍ਰੰਪਰਾ ਦੇ ਹੋਰ ਵਿਗਾੜ ਤੇ ਵਿਕਰਤੀ 'ਚ ਵਾਧਾ ਹੋਣ ਦੀਆਂ ਸੰਭਾਵਨਾਵਾਂ ਹੋਰ ਪਨਪਣਗੀਆਂ।
5. ਗੁਰਮਤਿ ਸੰਗੀਤ ਦੇ ਕੀਰਤਨਕਾਰਾਂ ਲਈ ਵਿਸ਼ੇਸ ਯੋਗਤਾ ਪ੍ਰੀਖਿਆਵਾਂ ਤੇ ਸਿਖਲਾਈ ਕੈਂਪਾਂ ਦਾ ਆਯੋਜਨ ਕੀਤਾ ਜਾਵੇ।
6. ਗੁਰਮਤਿ ਸੰਗੀਤ ਨੂੰ ਸਕੂਲੀ, ਕਾਲਜ ਤੇ ਯੂਨੀਵਰਸਿਟੀ ਪੱਧਰ ਦੀ ਪੜ੍ਹਾਈ ਵਿਚ ਵਿਸ਼ੇ ਵਜੋਂ ਮਾਨਤਾ ਦਿੱਤੀ ਜਾਵੇ। 10+1, +2 ਵਿਚ ਇਹ ਭਾਵੇਂ ਲਾਗੂ ਹੋ ਗਿਆ ਹੈ ਪਰ ਬੀ. ਏ. ਅਤੇ ਐਮ. ਏ. ਤਕ ਇਸ ਨੂੰ ਲਾਗੂ ਕਰਨ ਵਿਚ ਪ੍ਰੇਰਨਾ, ਉਤਸ਼ਾਹ, ਲਗਨ ਤੇ ਯਤਨ ਪ੍ਰਤੱਖ ਰੂਪ ਵਿਚ ਉਜਾਗਰ ਹੋਣੇ ਚਾਹੀਦੇ ਹਨ।
7. ਯੂਨੀਵਰਸਿਟੀਆਂ ਦੇ ਧਰਮ ਅਧਿਐਨ ਵਿਭਾਗਾਂ ਵਿਚ ਗੁਰਮਤਿ ਸੰਗੀਤ ਦੀ ਖੋਜ ਨੂੰ ਉਤਸਾਹਤ ਕੀਤਾ ਜਾਵੇ, ਇਸ ਖੇਤਰ ਵਿਚ ਵਿਸ਼ੇਸ਼ ਨਿਯੁਕਤੀਆਂ ਕੀਤੀਆਂ ਜਾਣ ਤੇ ਖਾਲੀ ਪਈਆਂ ਅਸਾਮੀਆਂ ਤੇ ਯੋਗ ਵਿਅਕਤੀਆਂ ਨੂੰ ਲਗਾਇਆ ਜਾਵੇ।
8. ਗੁਰਮਤਿ ਸੰਗੀਤ ਦੇ ਖੇਤਰ ਵਿਚ ਕਾਰਜਸ਼ੀਲ ਸੰਸਥਾਵਾਂ ਨੂੰ ਤਨ, ਮਨ ਧਨ ਦੀ ਪੂਰਨ ਮਦਦ ਦਿੱਤੀ ਜਾਵੇ।
9. ਸਿੱਖੀ ਜੀਵਨ ਦੀਆਂ ਰਸਮਾਂ, ਰਵਾਇਤਾਂ, ਮਰਿਆਦਾਵਾਂ ਵਿਚੋਂ ਕੀਰਤਨ ਦੇ ਵਿਵਹਾਰਕ ਰੂਪ ਨੂੰ ਦ੍ਰਿੜ ਕੀਤਾ ਜਾਵੇ ਤੇ ਇਸ ਦੀ ਸ਼ੁੱਧਤਾ ਤੇ ਉੱਚਤਾ ਨੂੰ ਕਾਇਮ ਰੱਖਿਆ ਜਾਵੇ।

10. ਗੁਰਬਾਣੀ ਸਬੰਧੀ ਕਿਸੇ ਪ੍ਰਕਾਰ ਦੇ ਅਧਿਐਨ ਤੇ ਖੋਜ ਸਮੇਂ ਕਦੇ ਵੀ ਗੁਰਮਤਿ ਸੰਗੀਤ ਨਾ ਵਿਸਾਰਿਆ ਜਾਵੇ ਸਗੋਂ ਬਾਣੀ ਦੀ ਪ੍ਰਸਤੁਤੀ, ਸੰਚਾਰ ਤੇ ਵਿਚਾਰ ਲਈ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੁਆਰਾ ਦਰਸਾਏ ਸਿਧਾਂਤਕ ਤੇ ਵਿਵਹਾਰਕ ਰੂਪ ਵਿਚ ਪ੍ਰਚਲਿਤ) ਗੁਰਮਤਿ ਸੰਗੀਤ ਦੇ ਮਹੱਤਵ ਨੂੰ ਸਦੈਵ ਪਛਾਣਿਆ ਜਾਵੇ।

ਗੁਰਮਤਿ ਸੰਗੀਤ ਪ੍ਰਤੀ ਉਕਤ ਯਤਨ ਹੀ ਸਾਨੂੰ ਆਪਣੇ ਇਸ਼ਟ 'ਬਾਣੀ ਗੁਰੂ' ਦੇ ਸਹੀ ਬੋਧ ਦੀ ਪ੍ਰਾਪਤੀ ਕਰਵਾਉਣਗੇ ਕਿਉਂ ਜੋ ਬਾਣੀ ਦੇ ਅਧਿਆਤਮਕ ਗਿਆਨ ਨੂੰ ਖੋਲ੍ਹਣ ਦੀ ਕੁੰਜੀ 'ਸ਼ਬਦ ਕੀਰਤਨ' ਹੈ ਤੇ ਸ਼ਬਦ ਕੀਰਤਨ ਦਾ ਇਹ ਪ੍ਰਬੰਧ ਹੀ 'ਗੁਰਮਤਿ ਸੰਗੀਤ ਹੈ'। ਵਿਰਸੇ ਦੀ ਪਹਿਚਾਣ ਲਈ ਇਸ ਨਿਵੇਕਲੀ, ਵਿਲੱਖਣ ਤੇ ਵਿਸ਼ਿਸ਼ਟ ਪ੍ਰੰਪਰਾ ਲਈ ਸਾਡੇ ਸਾਰਿਆਂ ਦੇ ਅਲਪ ਯਤਨ ਵੀ ਸਾਡੇ ਰਾਹ ਰੁਸ਼ਨਾਉਣਗੇ ਤੇ ਅਗਿਆਨ ਦੇ ਨਾਸ਼ ਵਿਚ ਸਹਾਈ ਹੋਣਗੇ। ਇਸ ਸਬੰਧ ਵਿਚ ਸਮੂਹ ਵਿਚਾਰਾਂ ਦਾ ਹਮੇਸ਼ਾ ਸੁਆਗਤ ਹੈ ਤੇ ਸੁਆਗਤ ਹੋਵੇਗਾ। ਇਸ ਆਸ ਨਾਲ ਸਮੂਹ ਅਦਾਰਿਆਂ, ਸੰਸਥਾਵਾਂ, ਵਿਦਵਾਨਾਂ, ਸੰਗੀਤਕਾਰਾਂ, ਸੰਗੀਤ ਪ੍ਰੇਮੀਆਂ, ਸਿੱਖ ਸੰਗਤਾਂ ਤੇ ਸਮੂਹ ਗਿਆਨ-ਅਭਿਲਾਸ਼ੀ ਵਿਅਕਤੀਆਂ ਨੂੰ ਇਸ ਵਿਸ਼ੇ ਦੀ ਪਹਿਚਾਣ ਦ੍ਰਿੜ੍ਹਾਉਣ ਤੇ ਪ੍ਰਸਾਰਨ ਲਈ ਸਹਿਯੋਗ ਸਨਿਮਰ ਬਿਨੈ ਹੈ।

# ਸੰਗੀਤ ਨਾਲ ਬੀਮਾਰੀਆਂ ਤੇ ਕਾਬੂ ਪਾਓ

ਕਰਨਬੀਰ ਕੌਰ

ਅੱਜ-ਕੱਲ੍ਹ ਦੇ ਮੁਸ਼ਕਲ ਹਾਲਾਤਾਂ ਵਿਚ ਸੰਗੀਤ ਕਾਫ਼ੀ ਲਾਹੇਵੰਦ ਸਿਧ ਹੋ ਰਿਹਾ ਹੈ। ਸੰਗੀਤ ਨਾਲ ਲਾ-ਇਲਾਜ਼ ਰੋਗਾਂ ਉਤੇ ਕਾਬੂ ਪਾਇਆ ਜਾ ਸਕਦਾ ਹੈ। ਬੀਮਾਰੀਆ ਨੂੰ ਘਟਾਇਆ ਜਾ ਸਕਦਾ ਹੈ ਅਤੇ ਦਵਾਈਆਂ ਨਾਲੋਂ ਜ਼ਿਆਦਾ ਜਲਦੀ ਦੂਰ ਕੀਤਾ ਜਾ ਸਕਦਾ ਹੈ। ਚਿੰਤਾਵਾਂ ਤੋਂ ਬਚਣਾ ਹੋਵੇ, ਤਣਾਉ ਰਹਿਤ ਹੋਣਾ ਹੋਵੇ ਜਾਂ ਇੱਕਲਤਾ ਨੂੰ ਦੂਰ ਕਰਨਾ ਹੋਵੇ ਤਾਂ ਸੰਗੀਤ ਦਾ ਸਹਾਰਾ ਲਵੋ, ਨਿਸਚਿਤ ਰੂਪ ਵਿਚ ਸ਼ਾਤੀ ਮਿਲੇਗੀ।

ਅੱਜ-ਕੱਲ ਕੁਝ ਨਵੀਆਂ ਬੀਮਾਰੀਆਂ ਤੇਜ਼ੀ ਨਾਲ ਵਧ ਰਹੀਆਂ ਹਨ ਜਿਨ੍ਹਾਂ ਵਿਚ ਚਿੰਤਾ, ਤਣਾਓ, ਥਕਾਵਟ, ਸਰੀਰਕ ਕਮਜ਼ੋਰੀ, ਕਮਜ਼ੋਰ ਯਾਦਾਸ਼ਤ, ਇਕੱਲਤਾ, ਮਾਨਸਿਕ ਬੇਚੈਨੀ ਆਦਿ ਮੁਖ ਹਨ। ਇਕ ਅਨੁਮਾਨ ਅਨੁਸਾਰ 65% ਆਤਮ ਹਤਿਆਵਾਂ ਦੇ ਪਿਛੇ ਇਨ੍ਹਾਂ ਵਿਚੋਂ ਹੀ ਕੋਈ ਨਾ ਕੋਈ ਕਾਰਨ ਹੁੰਦਾ ਹੈ। ਸੰਗੀਤ ਇਨ੍ਹਾਂ ਸਾਰੀਆਂ ਬੀਮਾਰੀਆਂ ਉੱਤੇ ਤੇਜ਼ੀ ਨਾਲ ਆਪਣਾ ਅਸਰ ਦਿਖਾਉਂਦਾ ਹੈ। ਚੰਗਾ ਸੰਗੀਤ ਸੁਣੇ ਜਾਣ ਨਾਲ ਮਨ ਨੂੰ ਸ਼ਾਤੀ ਮਿਲਦੀ ਹੈ, ਜਿਉਣ ਦੀ ਪ੍ਰੇਰਨਾ ਅਤੇ ਅਨੋਖੀ ਖ਼ੁਸ਼ੀ ਮਿਲਦੀ ਹੈ।

ਸੰਗੀਤ ਵਿਚ ਜਿੰਨਾ ਡੁੱਬੋ, ਉੱਨਾਂ ਹੀ ਰਸ ਮਿਲਦਾ ਹੈ, ਸ਼ਾਤੀ ਮਿਲਦੀ ਹੈ। ਮਨ ਸਦਾ ਪ੍ਰਸੰਨ ਰਹਿੰਦਾ ਹੈ ਅਤੇ ਹਮੇਸ਼ਾ ਨਵੇਂਪਣ ਦੀ ਇਛਾ ਬਣੀ ਰਹਿੰਦੀ ਹੈ, ਜੋ ਅਗੇ ਲਈ ਮਾਰਗ-ਦਰਸ਼ਕ ਬਣਦੀ ਹੈ। ਸਿਰਫ਼ ਸੰਗੀਤ ਹੀ ਜੀਵਨ ਵਿਚ ਖ਼ੁਸ਼ੀਆਂ ਭਰ ਸਕਦਾ ਹੈ।

ਸੰਗੀਤ ਨੌਜਵਾਨ ਪੀੜ੍ਹੀ ਨੂੰ ਸੁਨਹਿਰੀ ਸੁਪਨਿਆਂ ਦੀ ਦੁਨੀਆਂ ਦੀ ਸੈਰ ਕਰਵਾਂਉਂਦਾ ਹੈ। ਇਕਾਂਤ ਦੇ ਪਲਾਂ ਵਿਚ ਸੰਗੀਤ ਹੀ ਸੱਭ ਤੋਂ ਵਧੀਆ ਸਾਥੀ ਹੁੰਦਾ ਹੈ। ਸੰਗੀਤ ਨਾਲ ਹੋਵੇ ਤਾਂ ਫੇਰ ਕੀ ਕਹਿਣਾ, ਇੱਕਲਤਾ ਕਦੇ ਵੀ ਮਹਿਸੂਸ ਨਹੀ ਹੁੰਦੀ।

ਵਿਗਿਆਨੀ ਦੱਸਦੇ ਹਨ ਕਿ ਸੰਗੀਤ ਨਾਲ, ਚਾਹੇ ਕਿੰਨਾ ਵੀ ਕੰਮ ਕਰਦੇ ਰਹੋ, ਕਦੀ ਥਕਾਵਟ ਨਹੀ ਹੁੰਦੀ। ਜ਼ਿਆਦਾਤਰ ਲੋਕ ਕੰਮ ਦੇ ਨਾਲ-ਨਾਲ ਆਪਣੀ ਪਸੰਦ ਦੀ ਗਾਇਨ ਸ਼ੈਲੀ ਗੁਣਗੁਣਾਉਂਦੇ ਰਹਿੰਦੇ ਹਨ। ਵਿਗਿਆਨੀ ਦੱਸਦੇ ਹਨ ਕਿ ਸੰਗੀਤ ਕਾਰਨ ਉਨ੍ਹਾਂ ਨੂੰ ਆਪਣਾ ਕੰਮ ਬੋਝ ਨਹੀ ਲਗਦਾ। ਬਰਤਾਨੀਆ ਦੇ ਵਿਗਿਆਨੀਆਂ ਅਨੁਸਾਰ ਬੱਚੇ ਦੀ ਅੰਗਹੀਣਤਾ ਉਸਦੇ ਅਤੇ ਸਮਾਜ ਦੇ ਵਿਚਕਾਰ ਜਦੋਂ ਇਕ ਕੰਧ ਬਣਕੇ ਖੜ੍ਹੀ ਹੋ ਜਾਂਦੀ ਹੈ ਤਾਂ ਸੰਗੀਤ ਹੀ ਉਸਦੇ ਮਨ ਤਕ ਪਹੁੰਚਣ ਲਈ ਇਕ ਪੁਲ ਦਾ ਕੰਮ ਕਰਦਾ ਹੈ।

ਅੰਗਹੀਣ ਬੱਚਿਆਂ ਦੇ ਤਨ-ਮਨ ਦੇ ਬੰਦ ਦਰਵਾਜ਼ਿਆਂ ਨੂੰ ਖੋਲ੍ਹਣ ਲਈ ਲੰਡਨ ਦੇ 'ਦ ਨਾਰਡਾਕ ਰਾਬਿੰਸ ਮਿਊਜ਼ਿਕ ਥੈਰੇਪੀ ਸੈਂਟਰ' ਨੇ ਸੰਗੀਤ ਦਾ ਹੀ ਸਹਾਰਾ

ਲਿਆ ਹੈ। ਇਸ ਸੈਂਟਰ ਦੀ ਸਥਾਪਨਾ 1972 ਵਿਚ ਹੋਈ ਸੀ। ਅੱਜ ਇਥੇ ਸਾਰੀ ਦੁਨੀਆਂ ਦੇ ਵਿਦਿਆਰਥੀ ਆਉਣ ਲਗ ਪਏ ਹਨ। ਕੇਂਦਰ ਦੇ ਮੁਖੀ ਡਾ. ਪਾਲ ਨਾਰਡਾਫ ਅਤੇ ਡਾ. ਕਲਾਈਵ ਰਾਬਿੰਸ ਨੇ ਆਪਣੇ ਸਾਰੇ ਜੀਵਨ ਦੇ ਕੰਮ ਅਤੇ ਸਿਖਿਆ ਦੇ ਅਧਾਰ ਤੇ ਸੰਗੀਤ ਰਾਹੀ ਇਲਾਜ ਦਾ ਤਰੀਕਾ ਅਪਣਾਇਆ ਹੈ। ਉਨ੍ਹਾਂ ਨੇ ਇਕ ਕਿਤਾਬ 'ਥੈਰੇਪੀ ਇਨ ਮਿਊਜ਼ਿਕ ਫਾਰ ਹੈਂਡੀਕੈਪਡ ਚਿਲਡਰਨ ' (ਅੰਗਹੀਣ ਬੱਚਿਆਂ ਲਈ ਸੰਗੀਤਕ ਇਲਾਜ) ਵੀ ਪ੍ਰਕਾਸ਼ਿਤ ਕੀਤੀ ਹੈ, ਜਿਸ ਨੇ ਸਾਰੀ ਦੁਨੀਆਂ ਦੇ ਲੋਕਾਂ ਦਾ ਧਿਆਨ ਆਪਣੇ ਵੱਲ ਖਿਚਿਆ ਹੈ।

ਅਮਰੀਕੀ ਮਾਹਿਰ ਦੱਸਦੇ ਹਨ ਕਿ ਜੇ ਨਿਯਮਿਤ ਰੂਪ ਨਾਲ ਗਾਇਆ ਜਾਵੇ ਤਾਂ ਦਿਲ ਅਤੇ ਫੇਫੜੇ ਦੇ ਨਹੀ ਹੁੰਦੇ। ਜੇ ਮਰੀਜ਼ ਨੂੰ ਸੰਗੀਤ ਸੁਣਾਇਆ ਜਾਵੇ ਤਾਂ ਉਹ ਉਸ ਸਮੇਂ ਲਈ ਆਪਣੀ ਬੀਮਾਰੀ ਭੁੱਲ ਜਾਂਦਾ ਹੈ।

ਸਰਕਾਰੀ ਆਦਰਸ਼ ਸੀਨੀ. ਸੈਕੰ. ਸਕੂਲ

ਭਾਗੂ, ਵ਼ਾਇਆ ਲੰਬੀ,

ਜਿਲਾ ਫਰੀਦਕੋਟ-152113.

*****

# ਗੁਰਮਤਿ ਵਿੱਚ ਕੀਰਤਨ ਦਾ ਮਹੱਤਵ

**ਸੁਰਜੀਤ ਸਿੰਘ ਭਾਟੀਆ**
**9–ਫਰੈਂਡਸ ਕਾਲੋਨੀ,**
**ਸਾਊਥ ਮਾਡਲ ਗਰਾਮ, ਲੁਧਿਆਣਾ।**

**(ਅੰਕ ਅਪ੍ਰੈਲ 1993 ਤੋਂ ਅੱਗੇ)**

ਗੁਰਬਾਣੀ ਦੇ ਸਾਰਥਿਕ ਸ਼ਬਦਾਂ ਵਿੱਚ ਅੰਕਿਤ ਅਤਿ ਸੂਖਮ ਤੇ ਡੂੰਘੇ ਵਿਚਾਰ, ਇਸ ਰੌਲੇ ਨਾਲ ਸੁੰਨ ਹੋਈਆਂ ਬਿਰਤੀਆਂ ਅਥਵਾ ਭਾਵਨਾਵਾਂ ਦੇ ਵਹਿਣ ਵਿੱਚ ਰੁੜ੍ਹਦੀਆਂ ਬਿਰਤੀਆਂ ਨਾਲ ਕਿਵੇਂ ਸਮਝ ਆ ਸਕਦੇ ਹਨ? ਇਨ੍ਹਾਂ ਡੂੰਘੇ ਤੇ ਸੂਖਮ ਵਿਚਾਰਾਂ ਨੂੰ ਗ੍ਰਹਿਣ ਕਰਨ ਲਈ ਤਾਂ ਨਾ ਕੇਵਲ ਚੇਤੰਨ ਤੇ ਜਾਗਰੂਪ ਸੂਝ ਦੀ ਹੀ ਲੋੜ ਹੁੰਦੀ ਹੈ, ਸਗੋਂ ਐਸੀ ਤੀਖਣ ਬੁਧੀ ਦੀ ਲੋੜ ਹੁੰਦੀ ਹੈ ਜਿਸ ਦੁਆਰਾ ਸੁਰਤਿ, ਗੁਰਬਾਣੀ ਦੀ ਸਿਖਿਆ ਤੇ ਮਤਿ ਨੂੰ ਚੇਲੇ ਵਾਂਗ ਅਪਣਾ ਸਕੇ ਤੇ ਇਸ ਦਾ ਜ਼ਿੰਦਗੀ ਪ੍ਰਤੀ ਰਵਈਆ ਹੀ ਬਦਲ ਜਾਵੇ।

ਸਬਦੁ ਗੁਰੂ ਸੁਰੀਤ ਧੁਨਿ ਚੇਲਾ (ਰਾਮਕਲੀ ਮ: ੧ ਪੰ: ੯੪੩) ਕੇਵਲ ਜਾਗਰੂਕ ਤੇ ਚੇਤੰਨ ਬਿਰਤੀਆਂ ਹੀ ਇਸ ਤਬਦੀਲੀ ਨੂੰ ਅਪਣਾ ਸਕਦੀਆਂ ਹਨ। ਨਾ ਸੁੰਨ ਹੋਈਆਂ ਬਿਰਤੀਆਂ ਤੇ ਨਾ ਹੀ ਆਵੇਸ਼ ਵਿੱਚ ਰੁੜ੍ਹਦੀਆਂ, ਗੁਰਬਾਣੀ ਦੇ ਇਸ ਪ੍ਰਭਾਵ ਨੂੰ ਕਬੂਲ ਸਕਦੀਆਂ ਹਨ।

ਸੰਗੀਤ ਦੀ ਧੁਨਿ ਉਤੇ ਸਵਾਰ ਗੁਰਬਾਣੀ ਦੇ ਸ਼ਬਦ ਕੰਨਾਂ ਰਾਹੀਂ ਹਿਰਦੇ ਦੀ ਜ਼ਮੀਨ ਉੱਤੇ ਨਿੰਮ੍ਹੀ ਨਿੰਮ੍ਹੀ ਫੁਹਾਰ ਦੇ ਰੂਪ ਵਿੱਚ ਪੈਣ ਤਦ ਹੀ ਇਹ ਸਾਰਥਿਕ ਤੇ ਲਾਹੇਵੰਦ ਹੋ ਸਕਦੇ ਹਨ। ਇਸੇ ਲਈ ਗੁਰੂ ਸਾਹਿਬਾਨ ਨੇ ਬਾਣੀ ਲਈ 'ਸਹਿਜ ਧੁਨਿ ਗਾਵੇ' ਦਾ ਆਦੇਸ਼ ਦਿਤਾ ਹੈ। ਗੁਰੂ ਅਮਰ ਦਾਸ ਜੀ ਦਾ ਫੁਰਮਾਨ ਹੈ ਕਿ ਹਰਿ ਨਾਲ ਲਿਵ, ਜੋ ਮਨੁਖ ਦਾ ਅੰਤ੍ਰੀਵ ਮੰਤਵ ਹੈ, ਸਹਿਜ ਧੁਨਿ ਨਾਲ ਹੀ ਸੰਬੰਧਤ ਹੈ।

ਸਹਿਜ ਧੁਨਿ ਉਪਜੇ ਹਰਿ ਲਿਵ ਲਾਇ।। (ਗਉੜੀ ਮ: ੩, ਪੰ: ੨੩੧)

ਭਗਤ ਕਬੀਰ ਦੁੱਧ ਰਿੜਕਣ ਦੇ ਉਦਾਹਰਣ ਦੁਆਰਾ ਦਲੀਲ ਦਿੰਦੇ ਹਨ ਕਿ ਚੂੰਕਿ " ਹਰਿ ਕਾ ਬਿਲੋਵਨਾ ਮਨ ਕਾ ਬੀਚਾਰਾ" ਹੈ, ਇਸ ਲਈ ਜ਼ਰੂਰੀ ਹੈ ਕਿ "ਸਹਜਿ ਬਿਲੋਵਹੁ ਜੈਸੇ ਤਤ ਨ ਜਾਈ" ( ਪੰ: ੪੭੮)

ਕੇਵਲ ਸਹਜਿ ਦੀ ਧੁਨਿ ਨਾਲ ਪੈਂਦੀ ਨਿੰਮ੍ਹੀ ਨਿਮ੍ਹੀ ਫੁਹਾਰ ਹੀ ਮਨ ਨੂੰ ਗੁਰਬਾਣੀ ਨਾਲ ਸਿੰਜਦੀ ਹੋਈ ਪ੍ਰਭੂ ਪਰਮਾਤਮਾ ਦੇ ਪ੍ਰੇਮ ਰਸ ਵਿੱਚ ਤੇ ਸੰਤ੍ਰਿਪਤ ਕਰ ਸਕਦੀ ਹੈ।

ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ।।
ਸਾਜਨ ਮਿਲੇ ਸਹਜਿ ਸੁਭਾਇ ਹਰਿ ਸਿਉਂ ਪ੍ਰਿਤ ਬਣੀ।।

(ਤੁਖਾਰੀ ਛੰਤ ਮ: ੧ ਬਾਰਾ ਮਾਹ ਪੰ: ੧੧੦੭)

ਜਿਵੇਂ ਤੇਜ਼ ਵਰਖਾ ਹੜ੍ਹ ਲੈ ਆਉਂਦੀ ਹੈ ਤੇ ਤੇਜ਼ ਧਾਰ ਮਿੱਟੀ ਨੂੰ ਰੋੜ੍ਹ ਲੈ ਜਾਂਦੀ ਹੈ, ਇਸੇ ਤਰ੍ਹਾਂ ਇਹ ਤੇਜ਼ ਰੌਲਾ ਰੱਪਾ ਜਿਥੇ ਚੇਤੰਨ ਬਿਰਤੀਆਂ ਨੂੰ ਰੋੜ੍ਹ ਲੈ ਜਾਂਦਾ ਹੈ ਤੇ ਬੇਹਿਸ ਜਾਂ ਸੁੰਨ ਕਰਦਾ ਹੈ, ਉਥੇ ਇਸ ਨਾਲ ਮਨ ਵਿਵੇਕਤਾ ਤੋਂ ਉਖੜ ਜਾਂਦਾ ਹੈ। ''ਮਨ ਨੀਵਾਂ ਤੇ ਮਤਿ ਉਚੀ'' ਦੀ ਸਿਖੀ ਡਸਿਪਲਿਣ ਤੋਂ ਭਟਕ ਜਾਂਦਾ ਹੈ। ਗੁੰਮ ਤੇ ਸੁੰਨ ਹੋਈ ਅਕਲ ਕਾਰਣ ਮਨ ਸ਼ੈਤਾਨਪੁਣੇ ਵਲ ਟੁਰ ਸਕਦਾ ਹੈ।

ਅਕਲੀ ਸਾਹਿਬ ਸੇਵੀਐ ਅਕਲੀ ਪਾਈਐ ਮਾਨੁ॥
ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨ॥
ਨਾਨਕ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ॥

(ਸਲੋਕ ਮ: ੧, ਪੰ: ੧੨੪੫)

ਇਹ ਹੀ ਕਾਰਣ ਹੈ ਕਿ ਗੁਰਬਾਣੀ ਕੀਰਤਨ ਵੇਲੇ ਕੂਕਾਂ ਮਾਰਨ, ਤਾਲੀਆਂ ਵਜਾਣ ਤੇ ਨੱਚਣ ਦੀ ਸਖ਼ਤ ਮਨਾਹੀ ਹੈ।

ਇਸੇ ਸੰਬੰਧ ਵਿੱਚ ਇਕ ਹੋਰ ਖ਼ਾਸ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਗੁਰਮਤਿ ਸੰਗੀਤ ਤੇ ਕੀਰਤਨ ਨੂੰ ਸਹਿਜ ਧੁਨਿ ਵਿੱਚ ਰਖਣ ਲਈ ਦੀਪਕ ਰਾਗ ਤੇ ਹਿੰਡੋਲ ਰਾਗ ਦੀ ਵਰਤੋਂ ਨਹੀਂ ਕੀਤੀ ਗਈ। ਇਹ ਦੋਵੇਂ ਰਾਗ ਮਾਨਸਿਕ ਆਵੇਸ਼ ਦੇ ਅਤੰਕ ਦੇ ਰਾਗ ਹਨ। ਗੁਰਬਾਣੀ ਵਿੱਚ ਇਨ੍ਹਾਂ ਨੂੰ ਪੇਤਲਾ ਪਾਕੇ (dilute ਕਰਕੇ ) ਦੀਪਕ ਦੀ ਥਾਵੇਂ ਗਉੜੀ ਦੀਪਕ ਤੇ ਹਿੰਡੋਲ ਦੀ ਥਾਵੇਂ ਬਸੰਤ ਹਿੰਡੋਲ ਵਰਤਿਆ ਹੈ।

(6)

ਇਸ ਵਿੱਚ ਕੋਈ ਸ਼ਕ ਨਹੀਂ ਕਿ ਗੁਰਬਾਣੀ ਦਾ ਇਕ ਇਕ ਸ਼ਬਦ (ਲਫ਼ਜ਼) ਸਾਰਥਕ ਤੇ ਅਰਥ ਭਰਪੂਰ ਹੈ। ਇਨ੍ਹਾਂ ਸ਼ਬਦਾਂ ਰਾਂਹੀਂ ਪੇਸ਼ ਕੀਤਾ ਵਿਚਾਰ ਪੂਰੀ ਤੁਕ ਵਿੱਚ ਹੀ ਹੁੰਦਾ ਹੈ ਤੇ ਕਿਸੇ ਸ਼ਬਦ (ਪਦੇ) ਦੀਆਂ ਸਾਰੀਆਂ ਤੁਕਾਂ ਰਲ ਕੇ ਇਕ ਵਿਵੇਕ ਪੂਰਨ ਪ੍ਰਸਤਾਵ ਬਣਦਾ ਹੈ, ਜਿਸ ਵਿੱਚ ਸਮੱਸਿਆ ਤੇ ਉਸਦਾ ਸਮਾਧਾਨ ਵਿਆਖਿਆ ਸਹਿਤ ਮਿਲਦਾ ਹੈ, ਇਸ ਲਈ ਕਿਸੇ ਇੱਕ ਸ਼ਬਦ ਨੂੰ ਜਾਂ ਕਿਸੇ ਤੁਕ ਟੋਟੇ ਨੂੰ ਹੀ ਰਟੀ ਜਾਣਾ ਤੇ ਘੜੀ ਮੁੜੀ ਦੁਹਰਾਈ ਜਾਣਾ, ਪ੍ਰਸਤਾਵ ਦੇ ਵਿਵੇਕ ਨੂੰ ਤੋੜਣਾ ਹੋਵੇਗਾ। ਅਪਣੇ ਸੰਦਰਭ ਵਿੱਚੋਂ ਨਿਖੜਿਆ ਹੋਇਆ ਸ਼ਬਦ (ਲਫ਼ਜ਼) ਜਾਂ ਤੁਕ ਟੋਟਾ, ਵਿਚਾਰ ਦੀ ਸਹੀ ਪੇਸ਼ਕਾਰੀ ਤੇ ਵਿਵੇਕਮਈ ਤਰਜਮਾਨੀ ਨਹੀਂ ਕਰਦਾ।

ਤੁਕ ਨੂੰ ਤੋੜਣਾ ਨਾ ਕੇਵਲ ਗੁਰਬਾਣੀ ਨੂੰ ਅਸ਼ੁਧ ਪੜ੍ਹਣ ਬਰਾਬਰ ਹੀ ਹੈ, ਸਗੋਂ ਇਸ ਨਾਲ ਦਲੀਲ ਤੇ ਵਿਵੇਕ ਦਾ ਪ੍ਰਭਾਵ ਵੀ ਟੁਟਦਾ ਹੈ ਤੇ ਗੁਰਬਾਣੀ ਦੇ ਆਸ਼ੇ ਨਾਲ ਅਨਰਥ ਹੁੰਦਾ ਹੈ। ਪ੍ਰਸਿੱਧ ਵਿਦਵਾਨ ਪ੍ਰਿੰ, ਸਾਹਿਬ ਸਿੰਘ ਤਾਂ ਪੂਰੇ ਸ਼ਬਦ (ਪਦੇ) ਨੂੰ ਹੀ ਮੁਕੰਮਲ ਇਕਾਈ ਮੰਨਦੇ ਹਨ। ਆਮ ਤੌਰ ਤੇ ਹਰ ਪਦੇ ਵਿੱਚ ਰਹਾਉ ਵਾਲੀ ਤੁਕ ਵਿੱਚ ਪਦੇ ਦਾ ਪ੍ਰਸਤਾਵਤ ਮੰਤਵ ਹੁੰਦਾ ਹੈ। ਇਸੇ ਲਈ ਬਹੁਤ ਸਾਰੇ ਕੀਰਤਨੀਏ ਇਸ ਤੁਕ ਨੂੰ ਅਪਣਾ ਲੈਂਦੇ ਹਨ ਤੇ ਪਦੇ ਦੀ ਹਰ ਤੁਕ ਤੋ ਪਿਛੋਂ , ਇਸ ਤੁਕ ਨੂੰ ਦੁਹਰਾਂਦੇ

ਹਨ, ਤਾਂ ਕਿ ਪ੍ਰਸਤਾਵਤ ਮੁੱਦਾ ਹਮੇਸ਼ਾ ਦ੍ਰਿਸ਼ਟੀ ਵਿੱਚ ਰਹੇ ਅਤੇ ਕੀਰਤਨ ਕਰਨ ਤੇ ਸੁਣਨ ਵਾਲੇ ਇਸ ਮੁੱਦੇ ਤੋਂ ਪਰ੍ਹਾਂ ਨਾ ਚਲੇ ਜਾਣ, ਵਿਵੇਕ ਬਣਿਆ ਰਹੇ।

ਅੱਜਕੱਲ ਕੀਰਤਨ ਕਰਦਿਆਂ ਪ੍ਰਸਤਾਵਤ ਧਾਰਨਾ ਨੂੰ ਛੱਡ ਕੇ, ਵਾਹਿਗੁਰੂ, ਵਾਹਿਗੁਰੂ ਦਾ ਲੈਅ ਮਈ ਉਚਾਰਨ ਕਰਨ ਦਾ ਰਿਵਾਜ ਚਲ ਪਿਆ ਹੈ। ਇਸ ਨੂੰ ਆਮ ਤੌਰ ਉਤੇ ਸਿਮਰਨ ਕਿਹਾ ਜਾਂਦਾ ਹੈ। ਇਹ ਉਚਾਰਨ ਕੇਵਲ ਇਸ ਹੱਦ ਤੱਕ ਤਾਂ ਠੀਕ ਮੰਨਿਆ ਜਾ ਸਕਦਾ ਹੈ ਕਿ ਕੀਰਤਨ ਕਰਨ ਜਾਂ ਸੁਣਨ ਵਾਲਿਆਂ ਦੀ ਜੇ ਕਿਸੇ ਕਾਰਨ ਬਿਰਤੀ ਉਖੜ ਗਈ ਹੋਵੇ ਉਸ ਨੂੰ ਫਿਰ ਪਦੇ ਦੀ ਰਵਾਨੀ ਨਾਲ ਜੋੜਿਆ ਜਾਵੇ ਤੇ ਪ੍ਰਸਤਾਵਤ ਸਮਸਿਆ ਦੇ ਵਿਵੇਕ ਦੀ ਚਾਲ ਫਿਰ ਕਾਇਮ ਹੋ ਜਾਵੇ। ਪ੍ਰੰਤੂ ਇਸ ਨੂੰ ਸਿਮਰਨ ਕਹਿਣਾ ਤੇ ਇਸ ਸ਼ਬਦ ਨੂੰ ਲਗਾਤਾਰ ਕਾਫ਼ੀ ਦੇਰ ਦੁਹਰਾਈ ਜਾਣਾ, ਪ੍ਰਸਤਾਵ ਦੀ ਰਵਾਨੀ ਤੇ ਵਿਵੇਕ ਨੂੰ ਉਖੇੜ ਦੇਵੇਗਾ। ਇਸ ਤਰ੍ਹਾਂ ਵਾਹਿਗੁਰੂ ਵਾਹਿਗੁਰੂ ਰਟ ਲਗਾਈ ਜਾਣਾ ਕੀ ''ਕਹੈ ਰਾਮ ਨ ਹੋਈ'' ਵਾਲੀ ਗੱਲ ਨਾ ਹੋਵੇਗੀ? ਸਿਮਰਨ, ਜਾਂ ਵਹਿਗੁਰੂ ਨਾਲ ਜੁੜਣ ਦਾ ਭਾਵ ਤਾਂ ਗੁਰਬਾਣੀ ਵਿੱਚ ਦਸੇ ਵਿਵੇਕ ਤੇ ਗਿਆਨ ਨੂੰ ਮਨ ਵਿਚ ਵਸਾ ਕੇ, ਇਸ ਨੂੰ ਜ਼ਿੰਦਗੀ ਵਿੱਚ ਧਾਰਨ ਕਰਨਾ ਹੈ। ਗੁਰਬਾਣੀ ਵਿੱਚ ਦੱਸੇ ਪਰਮਾਤਮਾ ਦੇ ਆਚਰਨ ਨੂੰ ਅਪਨਾਣਾ ਹੈ, ਜ਼ਿੰਦਗੀ ਨੂੰ ਉਸ ਵੱਲ ਐਸਾ ਮੋੜ ਦੇਣਾ ਹੈ ਕਿ ਉਸ ਨੂੰ ਸਿਮ੍ਰਤੀ ਵਿੱਚ ਰੱਖ ਕੇ,ਉਸ ਦੇ ਆਧਾਰ ਉਤੇ, ਉਸ ਦੇ ਨਾਲ ਨਾਲ ਜਿਉਣਾ ਹੈ। ਵਿਵੇਕ ਤੋਂ ਉਖੜਣ ਨਾਲ ਇਹ ਮੁਦਾ ਖ਼ਤਮ ਹੋ ਜਾਵੇਗਾ।

ਯਾਦ ਰਹੇ ਕਿ ਵਿਵੇਕ ਹੀਣ ਸ਼ਰਧਾ ਹਮੇਸ਼ਾ ਕੱਚੇ ਘੜੇ ਵਰਗੀ ਹੁੰਦੀ ਹੈ, ਬੜੀ ਛੇਤੀ ਖੁਰ ਜਾਂਦੀ ਹੈ। ਵਿਵੇਕ ਮਈ ਗਿਆਨ ਜਿਥੇ ਸਿਦਕ ਤੇ ਸ਼ਰਧਾ ਨੂੰ ਅੰਧ ਵਿਸ਼ਵਾਸ ਤੋਂ ਬਚਾਂਦਾ ਹੈ, ਉਥੇ ਪ੍ਰੀਤ ਨੂੰ ਦ੍ਰਿੜਤਾ ਦਿੰਦਾ ਹੈ। ''ਗਿਆਨ ਕਾ ਬਧਾ ਮਨ ਰਹੈ'' ਗੁਰੂ ਨਾਨਕ ਦੇਵ ਦਾ ਫਰਮਾਨ ਹੈ। ਗੁਰੂ ਅਮਰ ਦਾਸ ਕਹਿੰਦੇ ਹਨ, ਕਿ ਗਿਆਨ ਵਿਹੂਣੀ ਇਸਤ੍ਰੀ ਪ੍ਰਿਅ ਪ੍ਰੀਤਮ ਨੂੰ ਨਹੀਂ ਪਾ ਸਕਦੀ

ਗਿਆਨ ਵਿਹੂਣੀ ਪਿਰ ਮੁਤੀਆ

ਪਿਰਮ ਨ ਪਾਇਆ ਜਾਇ।।

(ਸਿਰੀ ਰਾਗ ਮ: ੩ ਪੰ: ੩੮)

ਹਰ ਪਦੇ ਦੀ ਸਮੁਚਤਾ, ਅਪਣੇ ਵਿਵੇਕ ਦੁਆਰਾ, ਇਹ ਸ਼ਰਧਾ ਤੇ ਪ੍ਰੇਮ ਸਥਾਪਤ ਕਰਦੀ ਹੈ ਤੇ ਜਿਵੇਂ ਪਹਿਲਾਂ ਦਸਿਆ ਹੈ, ਸੰਗਤ ਵਿਚ ਇਕਾਗਰਤਾ ਬਣੀ ਰਹਿੰਦੀ ਹੈ ਤੇ ਕੀਰਤਨ ਦੁਆਰਾ ਇਕ ਇਕ ਸ਼ਬਦ (ਲਫ਼ਜ਼) ਦੇ ਭਾਵ ਅਰਥ ਹਿਰਦੇ ਦੀਆਂ ਡੂੰਘਾਈਆਂ ਤਕ ਸੰਜਰ ਜਾਂਦੇ ਹਨ।

(7)

ਗੁਰਬਾਣੀ ਕੀਰਤਨ ਲਈ ਸਰਵੋਤਮ ਸਾਜ਼, ਤੰਤੀ ਸਾਜ਼-ਸਿਤਾਰ, ਵੀਣਾ, ਰਬਾਬ, ਸਰੰਦਾ ਆਦਿ ਹਨ। ਗੁਰੂ ਨਾਨਕ ਦੇਵ ਦੀ ਦਾ ਮਨ ਪਸੰਦ ਸਾਜ਼ ਰਬਾਬ ਸੀ, ਜੋ ਉਨ੍ਹਾਂ ਨੇ ਉਚੇਚਾ ਅਪਣੀ ਮਰਜ਼ੀ ਅਨੁਸਾਰ ਭਰੋਆਣਾ (ਸੁਲਤਾਨਪੁਰ ਲੋਧੀ ਨੇੜੇ)

ਤੋਂ ਬਣਵਾਇਆ ਸੀ। ਗੁਰੂ ਅਰਜਨ ਦੇਵ ਜੀ ਨੇ "ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ" ਵਾਲਾ ਸ਼ਬਦ ਸਰੰਦੇ ਨਾਲ ਗਾਵਿਆ ਸੀ। ਭਾਈ ਕਾਨ੍ਹ ਸਿੰਘ ਨਾਭਾ (ਮਹਾਨ ਕੋਸ਼ ਪੰ: ੧੭੧) ਅਨੁਸਾਰ, ਸਰੰਦਾ "ਉਤਮ ਸੁਰ ਦੇਣ ਵਾਲਾ ਤਾਰਦਾਰ ਸਾਜ਼ ਹੈ, ਜੋ ਗਜ਼ ਨਾਲ ਵਜਾਈਦਾ ਹੈ। ਇਹ ਗੁਰੂ ਅਰਜਨ ਦੇਵ ਜੀ ਨੇ ਅਪਣੀ ਤਜਵੀਜ਼ ਨਾਲ ਬਣਵਾ ਕੇ ਸਿਖ ਰਾਗੀਆਂ ਨੂੰ ਬਖਸ਼ਿਆ ਤੇ ਵਜਾਉਣਾ ਸਿਖਾਇਆ "। ਇਨ੍ਹਾਂ ਦੇ ਨਾਲ ਪਖਾਵਜ (ਤਬਲੇ) ਦਾ ਵੀ ਸੁਝਾਉ ਦਿਤਾ ਗਿਆ ਹੈ। ਜ਼ਿਆਦਾ ਖੜਕੇ ਵਾਲੇ ਸਾਜ਼ਾਂ ਦੀ ਆਵਾਜ਼ ਵਿਚ ਗੁਰਬਾਣੀ ਦੇ ਸ਼ਬਦ ਗੁੰਮ ਜਾਂਦੇ ਹਨ। ਇਨ੍ਹਾਂ ਦੀ ਆਵਾਜ਼ ਜ਼ਿਆਦਾ ਭਾਰੂ ਹੋਣ ਕਰਕੇ ਚੇਤਨ ਬਿਰਤੀਆਂ ਨੂੰ ਅਪਣੀ ਲਪੇਟ ਵਿਚ ਲੈਕੇ, ਇਨ੍ਹਾਂ ਨੂੰ ਸੁੰਨ ਕਰ ਦਿੰਦਾ ਹੈ। ਸ਼ਬਦਾਂ ਦੇ ਅਰਥ ਹੀ ਗੁਆਚ ਜਾਂਦੇ ਹਨ। ਪ੍ਰੰਤੂ ਤੰਤੀ ਸਾਜ਼ਾਂ ਦੀਆਂ ਸੂਖਮ ਤਰਬਾਂ ਉਤੇ ਗੁਰਬਾਣੀ ਸਹਿਜ ਨਾਲ ਤਰਦੀ ਹੋਈ, ਨਿੰਮ੍ਹੀ ਨਿੰਮ੍ਹੀ ਫੁਹਾਰ ਵਾਂਗ, ਕੰਨਾਂ ਰਾਹੀਂ ਹਿਰਦੇ ਵਿਚ ਸੰਜਰਦੀ ਜਾਂਦੀ ਹੈ।

ਇਨ੍ਹਾਂ ਸਾਜ਼ਾਂ ਤੇ ਸੰਗੀਤ ਦਾ ਮੰਤਵ ਤਾਂ ਗੁਰਬਾਣੀ ਨਾਲ ਇਕ ਸੁਰ ਤੇ ਇਕ ਤਾਰ ਹੋਕੇ, ਐਸਾ ਵਾਤਾਵਰਨ ਪੈਦਾ ਕਰਨਾ ਹੈ ਜੋ ਆਤਮਾ ਨੂੰ ਅਨਹਦ ਨਾਦ ਦੇ ਵਧ ਤੋਂ ਵਧ ਨੇੜੇ ਲੈ ਜਾਵੇ। ਅਨਹਦ ਨਾਦ ਜਾਂ ਅਨਹਦ ਸ਼ਬਦ ਆਤਮ ਮੰਡਲ ਸੰਗੀਤ ਹੈ ਜੋ ਅਨਹਤ ਵੀ ਹੈ ਤੇ ਅਨਹਦ ਵੀ, ਯਾਨੀ ਨਿਰੰਤਰ ਵਜਦਾ ਰਹਿੰਦਾ ਹੈ। ਇਹ ਸੰਗੀਤ ਕੰਨਾਂ ਦਾ ਵਿਸ਼ਾ ਨਹੀਂ ਜੇ ਅਜੇਹਾ ਹੁੰਦਾ ਤਾਂ ਕੇਵਲ ਆਰਕੈਸਟਰਾ ਨਾਲ ਕੰਮ ਚਲ ਸਕਦਾ ਸੀ। ਇਸ ਨਾਲ ਗੁਰਬਾਣੀ ਦੀ ਲੋੜ ਨਾ ਹੁੰਦੀ। ਦੂਸਰੇ ਪਾਸੇ ਗੁਰਬਾਣੀ ਜੇਕਰ ਇਕਲੇ ਧਿਆਨ ਦਾ ਵਿਸ਼ਾ ਹੁੰਦਾ ਤਾਂ ਪਾਠ ਅਤੇ ਅਧਿਐਨ ਨਾਲ ਕੰਮ ਚਲ ਜਾਣਾ ਸੀ। ਬਾਣੀ ਤੇ ਸੰਗੀਤ ਦੇ ਸੰਗਮ ਦੁਆਰਾ ਮਨ ਦੀ ਇਕਾਗਰਤਾ ਰਾਹੀਂ ਆਤਮਾ ਵਿੱਚ ਉਹ ਸੰਗੀਤ ਰਸ ਪੈਦਾ ਕਰਦਾ ਹੈ, ਜੋ ਆਤਮਾ ਤੇ ਪਰਮਾਤਮਾ ਦੇ ਪ੍ਰਤਿ ਸੰਜੋਗ ਤੋਂ ਉਤਪੰਨ ਹੁੰਦਾ ਹੈ, ਜਿਸ ਨੂੰ ਅਨਹਦ ਨਾਦ ਕਿਹਾ ਜਾਂਦਾ ਹੈ। ਇਹ ਕੇਵਲ ਅੰਦਰ ਦੀ ਇਕਾਗਰਤਾ ਦੁਆਰਾ ਹੀ ਅਨੁਭਵ ਕਰੀਦਾ ਹੈ (ਸ਼ਬਦਾਰਥ ਪੰਨਾ ੩੭੦)। ਇਹ ਵਾਹਿਗੁਰੂ ਦੇ ਪ੍ਰਕਾਸ਼ ਦੁਆਰਾ ਮਿਲੇ ਆਤਮਕ ਅਨੰਦ ਦਾ ਸੰਗੀਤਕ ਰੂਪ ਹੈ ਤੇ ਜੋਗੀ ਦੀ ਸਰਵੋਤਮ ਅਭਿਲਾਸ਼ਾ ਹੈ, ਜਿਥੇ ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ

(ਸੂਹੀ ਮ: ੧, ਪੰ: ੭੩੦)

ਇਸੇ ਤਰ੍ਹਾਂ ਭਗਤ ਕਬੀਰ ਵੀ ਮਨ ਦੀ ਇਕਾਗਰਤਾ ਤੇ ਸਥਿਰ ਹੋਈ ਬਿਰਤੀ ਨੂੰ ਵੀਣਾ ਦੀ ਇਕਸਾਰ ਵਜਦੀ ਤਾਰ ਦੀ ਤਸ਼ਬੀਹ ਦਿੰਦੇ ਹੋਏ ਅਨਹਦ ਨਾਦ ਸੁਣਨ ਦਾ ਵਰਣਨ ਕਰਦੇ ਹਨ:

ਮਨੁ ਪਵਨੁ ਦੁਇ ਤੂੰਬਾ ਕਰੀ ਹੈ, ਜੁਗ ਜੁਗ ਸਾਰਦ ਸਾਜੀ॥
ਥਿਰੁ ਭਈ ਤੰਤੀ ਤੂਟਸਿ ਨਾਹੀ ਅਨਹਦ ਕਿੰਗੁਰੀ ਬਾਜੀ॥

(ਗਉੜੀ ਪੰ:334)

ਅਤੇ ਕਹਿੰਦੇ ਹਨ ਕਿ ਇਸ ਨਾਲ ਮਨ ਐਸਾ ਮਗਨ ਹੋਇਆ ਕਿ ਮਾਇਆ ਦੇ ਅਸਰ ਕਰਕੇ ਡੋਲਣ ਤੋਂ ਬਚ ਗਿਆ।

ਸੁਨਿ ਮਨ ਮਗਨ ਭਏ ਹੈ ਪੂਰੇ ਮਾਇਆ ਡੋਲ ਨਾ ਲਾਗੀ।। (ਪੰ: ੩੩੫)

ਕੀਰਤਨ ਦਾ ਮੰਤਵ ਤਾਂ ਇਸ ਅਵਸਥਾ ਵਿਚ ਪਹੁੰਚਣਾ ਹੈ। ਤੰਤੀ ਸਾਜ਼ਾਂ ਦੀ ਮਧਮ ਤੇ ਨਿਮ੍ਰੀ ਧੁਨੀ ਵਿਚ ਇਕਸਾਰ ਤੇ ਅਡੋਲ ਸੁਰ ਵਿਚ ਹੋ ਰਿਹਾ ਕੀਰਤਨ ਨਾ ਕੇਵਲ ਮਨ ਵਿਚ ਇਕਾਗਰਤਾ ਹੀ ਲਿਆਉਂਦਾ ਤੇ ਇਸ ਅਵਸਥਾ ਦੇ ਨੇੜੇ ਪੁਹੰਚਦਾ ਹੈ, ਸਗੋਂ ਐਨ ਐਸਾ ਵਾਤਾਵਰਨ ਪੈਦਾ ਕਰ ਦਿੰਦਾ ਹੈ ਜਿਥੇ ਆਤਮਾ ਪ੍ਰਭੂ ਪ੍ਰੀਤ ਦਾ ਰਸ ਮਾਣਨ ਲਗਦੀ ਹੈ।

(8)

ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ 31 ਰਾਗਾਂ ਵਿਚ ਵੰਡੀ ਹੋਈ ਹੈ। ਹਰ ਸ਼ਬਦ (ਪਦਾ) ਕਿਸੇ ਨਾ ਕਿਸੇ ਰਾਗ ਅਧੀਨ ਦਿਤਾ ਗਿਆ ਹੈ। ਇਨ੍ਹਾਂ ਵਿਚੋਂ ਜਿਵੇਂ ਉਪਰ ਦੀਪਕ ਤੇ ਹਿੰਡੋਲ ਦੇ ਸੰਬੰਧ ਵਿੱਚ ਦਸਿਆ ਗਿਆ ਹੈ ਕੋਈ ਵੀ ਚਿਲਕਵੇਂ ਤੇ ਮਨ ਨੂੰ ਆਵੇਸ਼ ਵਿਚ ਲਿਆਉਣ ਵਾਲੇ ਰਾਗ ਨਹੀਂ। ਸਹਿਜ ਦੀ ਡਸਿਪਲਿਣ ਇਨ੍ਹਾਂ ਸਾਰੇ ਰਾਗਾਂ ਦੀ ਖ਼ਾਸੀਅਤ ਹੈ। ਅਸੀਂ ਕਹਿ ਸਕਦੇ ਹਾਂ ਕਿ ਗੁਰੂ ਸਾਹਿਬ ਨੇ ਬਹੁਤ ਸਾਰੇ ਰਾਗਾਂ ਦੀਆਂ ਇਕ ਦੂਸਰੇ ਨਾਲ ਸੰਧੀਆਂ ਤੇ ਮੇਲ, ਇਸ ਸਹਿਜ ਤੇ ਅਡੋਲਤਾ ਦੇ ਨੁਕਤਾ-ਇ-ਨਿਗਾਹ ਤੋਂ ਕੀਤੀਆਂ ਹਨ। ਇਹ ਗਲ ਖ਼ਾਸ ਕਰਕੇ ਲੋਕ ਗੀਤਾਂ ਦੀਆਂ ਧਾਰਨਾਵਾਂ ਨੂੰ ਇਨ੍ਹਾਂ ਕਲਾਸਿਕੀ ਰਾਗਾਂ ਹੇਠਾਂ ਲਿਆਉਣ ਬਾਰੇ ਕਹੀ ਜਾ ਸਕਦੀ ਹੈ ਜਿਵੇਂ ਘੋੜੀਆਂ, ਅਲਾਹੁਣੀਆਂ, ਕਾਫ਼ੀ, ਸਦ, ਫੁਨਹਾ ਆਦਿ। ਇਸ ਦਾ ਭਾਵ ਸਪਸ਼ਟ ਹੈ ਕਿ ਗੁਰਬਾਣੀ ਦੇ ਹਰ ਸ਼ਬਦ (ਪਦੇ) ਨੂੰ ਉਸ ਲਈ ਨਿਸਚਿਤ ਤੇ ਨਿਰਧਾਰਤ ਰਾਗ ਵਿੱਚ ਹੀ ਗਾਈਆ ਜਾਵੇ। ਇਸ ਦੀ ਅਵਗਿਆ ਗੁਰਬਾਣੀ ਨੂੰ ਅਸ਼ੁਧ ਪੜ੍ਹਣ ਦੇ ਬਰਾਬਰ ਹੋਵੇਗੀ। ਕਿਉਂਕੀ ਨਿਰਧਾਰਤ ਰਾਗ ਨੂੰ ਬਦਲਣ ਨਾਲ ਗੁਰਮਤਿ ਦੇ ਟੀਚੇ- ਪਰਮਾਤਮਾ ਨਾਲ ਸਹਿਜ ਜੋਗ, ਤੋਂ ਖੁੰਝ ਜਾਣ ਵਾਗੀ ਗੱਲ ਹੋਵੇਗੀ।

ਪ੍ਰੰਤੂ ਇਸ ਗੱਲ ਨੂੰ ਨਿਸਚਿਤ ਰੂਪ ਵਿਚ ਸਮਝ ਲੈਣਾ ਚਾਹੀਦਾ ਹੈ ਕਿ ਗੁਰਬਾਣੀ ਦਾ ਆਸ਼ਾ ਤੇ ਇਸ ਦਾ ਮੰਤਵ ਰਾਗ ਜਾਂ ਸੰਗੀਤ ਨਹੀਂ। ਰਾਗ ਤੇ ਸੰਗੀਤ ਤਾਂ ਕੇਵਲ ਮਾਧਿਆਮ ਹੈ, ਜਿਸ ਰਾਹੀਂ ਗੁਰਬਾਣੀ ਵਿਚ ਅੰਕਤ ਵਿਚਾਰ ਤੇ ਖ਼ਾਸ ਕਰਕੇ ਪਰਮ ਸਚ, ਪ੍ਰਭੂ ਪਰਮਾਤਮਾ ਨਾਲ ਪ੍ਰੀਤ ਸੰਜੋਗ ਦੇ ਰਹੱਸ ਨੂੰ ਮਨ ਦੀਆਂ ਸੂਖਮ ਡੂੰਘਾਈਆਂ ਤਕ ਪਹੁੰਚਾਇਆ ਜਾਣਾ ਹੈ ਤਾਂ ਕਿ ਮਨ ਵਿਚ ਇਸ ਪ੍ਰੀਤ ਸੰਜੋਗ ਲਈ ਚਾਹ, ਉਮੰਗ ਤੇ ਬਹਿਬਲਤਾ ਪੈਦਾ ਹੋਵੇ ਤੇ ਇਹ ਗੁਰਬਾਣੀ ਦੇ ਗਿਆਨ ਤੇ ਗੁਰੂ ਸਾਹਿਬਾਨ ਦੇ ਨਿੱਜੀ ਅਨੁਭਵ ਦੇ ਗਿਆਨ ਤੇ ਗੁਰੂ ਸਾਹਿਬਾਨ ਦੇ ਨਿੱਜੀ ਅਨੁਭਵ ਦੇ ਬਿਆਨ ਤੋਂ ਪਰੇਰਤ ਹੋ ਕੇ, ਉਸ ਮਾਰਗ ਉਤੇ ਚਲ ਪਵੇ। ਮਾਧਿਆਮ ਕਦੀ ਵੀ ਮੂਲ ਨਹੀਂ ਹੁੰਦਾ। ਮੂਲ ਤਾਂ ਗੁਰਬਾਣੀ ਦਾ ਤੱਤ ਹੈ।

ਰਾਗ ਦੀ ਤਕਨੀਕ ਕਦੀ ਵੀ ਗੁਰਬਾਣੀ ਦਾ ਆਸ਼ਾ ਨਹੀਂ। ਇਸ ਲਈ ਰਾਗ ਦੀਆਂ ਤਕਨੀਕੀ ਉਲਝਣਾਂ ਵਿੱਚ ਫਸ ਕੇ ਗੁਰਬਾਣੀ ਦੇ ਆਸ਼ੇ ਤੋਂ ਭਟਕ ਜਾਣਾ ਉਚਿਤ ਨਹੀਂ। ਇਸੇ ਲਈ ਗੁਰੂ ਰਾਮਦਾਸ ਸਪਸ਼ਟ ਕਰਦੇ ਹਨ:

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ
ਨਹੀ ਹਰਿ ਹਰਿ ਭੀਜੈ ਰਾਮ ਰਾਜੇ॥

(ਆਸਾ ਛੰਤ ਮ: ੪, ਪੰ: ੪੫੦)

ਇਹ ਯਾਦ ਹਰੇ ਕਿ ਗੁਰਬਾਣੀ ਸ਼ਬਦ ਪ੍ਰਧਾਨ ਹੈ, ਸੰਗੀਤ ਪ੍ਰਧਾਨ ਨਹੀਂ। ਇਸ ਲਈ ਗੁਰੂ ਅਰਜਨ ਦੇਵ ਨੇ ਗੁਰੂਬਾਣੀ ਦੇ ਤੱਤ ਨੂੰ ਸਮਝਣ ਤੇ ਗ੍ਰਹਿਣ ਕਰਨ ਦੇ ਕਈ ਢੰਗ ਦੱਸੇ ਹਨ।

ਕੋਈ ਗਾਵੈ ਕੋ ਸੁਣੈ ਕੋਈ ਕਰੈ ਬੀਚਾਰੁ।
ਕੋ ਉਪਦੇਸੈ ਕੋ ਦ੍ਰਿੜੈ ਤਿਸੁ ਕਾ ਹੋਇ ਉਧਾਰੁ॥

(ਗਉੜੀ ਮ: ੫, ਪੰ: ੩੦੦)

ਭਗਤ ਕਬੀਰ, ਇਸ ਵਿਚ ਅੰਕਤ ਬ੍ਰਹਮ ਬੀਚਾਰ ਉਤੇ ਜ਼ੋਰ ਦਿੰਦੇ ਹੋਏ, ਰਾਗ ਨੂੰ ਪਿਛੋਕੜ ਵਿਚ ਰਖਦੇ ਹੋਏ ਕਹਿੰਦੇ ਹਨ:

ਲੋਗੁ ਜਾਨੈ ਇਹੁ ਗੀਤ ਹੈ ਇਹ ਤਉ ਬ੍ਰਹਮ ਬੀਚਾਰੁ॥

(ਗਉੜੀ ਪੰ: ੩੩੫)

ਕਲਾਸਕੀ ਰਾਗ ਆਮ ਲੋਕਾਂ ਨੂੰ ਕਈ ਵਾਰੀ ਬੋਝਲ ਲਗਦੇ ਹਨ। ਗੁਰਬਾਣੀ ਰਾਹੀਂ ਆਮ ਜਨ ਸਾਧਾਰਣ ਨੂੰ ਧਰਮ ਨਾਲ ਜੋੜਣ ਲਈ, ਗੁਰਬਾਣੀ ਨੂੰ ਜੋਟੀਆਂ ਦੀ ਧਾਰਨਾਂ ਵਿਚ ਗਾਉਣ ਦੀ ਰੀਤ ਗੁਰੂ ਹਰਿ ਰਾਏ ਜੀ ਨੇ ਚਲਾਈ ਦੱਸੀ ਜਾਂਦੀ ਹੈ (ਪ੍ਰਿੰ:ਸਤਿਬੀਰ ਸਿੰਘ-ਨਿਰਭਉ ਤੇ ਨਿਰਵੈਰ)। ਸੰਤਾਂ ਤੇ ਸਾਧਾਂ, ਖ਼ਾਸ ਕਰ ਨਿਰਮਲੇ ਸੰਤਾਂ ਨੇ ਗੁਰਬਾਣੀ ਨੂੰ ਆਮ ਲੋਕਾਂ ਵਿਚ ਪਰਚਾਰਨ ਲਈ ਜੋਟੀਆਂ ਦੀ ਧਾਰਨਾਂ ਦੇ ਢੰਗ ਨੂੰ ਅਪਣਾਇਆਂ। ਇਹ ਖ਼ਿਆਲ ਰਹੇ ਕਿ ਗੁਰੂ ਗ੍ਰੰਥ ਸਾਹਿਬ ਵਿਚ ਵੀ ਬਹੁਤ ਸਾਰੇ ਰਾਗਾਂ ਨੂੰ ਲੋਕ ਯਾਨ ਦੀਆਂ ਧਾਰਨਾਂ ਨਾਲ ਮਿਲਾ ਕੇ, ਇਸ ਔਖ ਨੂੰ ਪਤਲਾ (dilute) ਕੀਤਾ ਗਿਆ ਹੈ। ਭਾਵੇਂ ਰਾਗ ਵ਼ੀ ਮੁਖ ਪ੍ਰਕਿਰਤੀ ਨੂੰ ਕਾਇਮ ਰਖਿਆ ਗਿਆ ਹੈ, ਪਰ ਸੰਤਾ ਸਾਧਾਂ ਦੇ ਇਸ ਜੋਟੀਆਂ ਦੀਆਂ ਧਾਰਨਾ ਨਾਲ ਗੁਰਬਾਣੀ ਗਾਉਣ ਦੇ ਢੰਗ ਨੇ ਗੁਰਬਾਣੀ ਨੂੰ ਲੋਕਾਂ ਵਿਚ ਐਸਾ ਸਰਵ ਮਾਨ ਤੇ ਹਰਮਨ ਪਿਆਰਾ ਕਰ ਦਿਤਾ ਕਿ ਇਹ ਲੋਕ ਯਾਨ ਬਣ ਗਈ । ਇਸ ਨਾਲ ਇਕ ਤਾਂ ਲੋਕਾਂ ਨੂੰ ਗੁਰਬਾਣੀ ਯਾਦ ਹੋਣ ਲਗ ਪਈ, ਉਹ ਕੰਮ ਕਾਰ ਕਰਦੇ ਹੋਏ ਗੁਰਬਾਣੀ ਦੀਆਂ ਤੁਕਾਂ ਨੂੰ ਹੇਕਾਂ ਲਾ ਲਾ ਕੇ ਗਾਉਂਦੇ। ਦੂਸਰੇ ਉਹ ਇਸ ਦੇ ਭਾਵ ਨੂੰ ਸਮਝਕੇ, ਇਸ ਨੂੰ ਅਮਲ ਵਿਚ ਲਿਆਣ ਲਗ ਪਏ ਤੇ ਤੀਸਰੇ ਗੁਰਬਾਣੀ ਦੀਆਂ ਤੁਕਾਂ ਆਮ ਬੋਲਚਾਲ ਵਿਚ ਪ੍ਰਮਾਣਾਂ, ਲਕੋਕਤੀਆਂ ਤੇ ਕਾਹਵਤਾਂ ਦੇ ਰੂਪ ਵਿਚ ਵਰਤਣ ਲੱਗ ਪਏ।

ਇਹ ਸੰਤ ਤੇ ਸਾਧ ਆਮ ਤੌਰ ਉਤੇ ਗੁਰਬਾਣੀ ਦੀ ਵਿਆਖਿਆ ਕਰਨ ਤੇ ਇਸ ਦਾ ਭਾਵ ਲੋਕਾਂ ਨੂੰ ਸਮਝਾਣ ਲਈ, ਕਹਾਣੀਆਂ ਤੇ ਸਾਖੀਆਂ ਦਾ ਆਸਰਾ ਲੈਂਦੇ ਹਨ, ਜੋ ਇਤਿਹਾਸਕ ਘੱਟ ਤੇ ਮਿਥਿਹਾਸਕ ਜ਼ਿਆਦਾ ਹੁੰਦੀਆ ਹਨ। ਕੰਨ ਰਸ ਤੇ ਕਹਾਣੀ ਰਸ ਦੀ ਖਿਜ਼ ਕਰਕੇ ਇਨ੍ਹਾਂ ਸੰਤਾਂ ਦੇ ਸਮਾਗਮਾਂ ਵਿਚ ਲੋਕ ਕਾਫ਼ੀ ਗਿਣਤੀ ਵਿੱਚ ਹੁੰਮ ਹੁਮਾ ਕੇ ਆਉਂਦੇ ਹਨ। ਇਸ ਢੰਗ ਨਾਲ ਲੋਕਾਂ ਵਿਚ ਧਰਮ ਪ੍ਰਤੀ ਸ਼ਰਧਾ ਜ਼ਰੂਰ ਸਥਾਪਤ ਹੋ ਜਾਂਦੀ ਹੈ, ਪਰ ਇਹ ਸ਼ਰਧਾ ਜ਼ਿਆਦਾ ਇਨ੍ਹਾਂ ਸੰਤਾਂ ਦੀ ਜ਼ਾਤ ਜਾਂ ਡੇਰੇ ਨਾਲ ਹੁੰਦੀ ਹੈ। ਕਹਾਣੀਆਂ ਆਦਿ ਮਿਥਿਹਾਸਕ ਹੋਣ ਕਰਕੇ, ਕਈ ਵਾਰੀ ਗੁਰਮਤਿ ਦੇ ਆਸ਼ੇ ਤੋਂ ਪਰ੍ਹਾਂ ਵੀ ਲੈ ਜਾਂਦੀਆਂ ਹਨ। ਇਸ ਪ੍ਰਕਾਰ ਦੇ ਕੀਰਤਨ ਨੂੰ ਸਹੀ ਅਰਥਾਂ ਵਿਚ ਕੀਰਤਨ ਨਹੀਂ ਮੰਨਿਆ ਜਾ ਸਕਦਾ। ਕੀਰਤਨ ਦਾ ਮੁੱਦਾ ਤਾਂ ਹਰ ਵਿਅਕਤੀ ਨੂੰ ਸਿਧਾ ਪਰਮਾਤਮਾ ਨਾਲ ਜੋੜਨਾ ਹੈ ਤੇ ਸੰਗਤ ਵਿਚ ਕੀਰਤਨ ਦੁਆਰਾ ਐਸਾ ਵਾਤਾਵਰਨ ਪੈਦਾ ਕਰਨਾ ਹੈ, ਜਿਸ ਵਿਚ ਹਰ ਵਿਅਕਤੀ ਦੁਨਿਆਵੀ ਕਦਰਾਂ ਤੇ ਕੀਮਤਾਂ ਤੋਂ ਉਠ ਕੇ ਪਰਮਾਤਮਾ ਦੀ ਹਜ਼ੂਰੀ ਵਿਚ ਉਸ ਦੇ ਅੰਗ ਸੰਗ ਅਪਣੇ ਆਪ ਨੂੰ ਮਹਿਸੂਸ ਕਰੇ। ਪਰਮਾਤਮਾ ਨਾਲ ਇਹ ਜੋੜ ਹਰ ਪ੍ਰਕਾਰ ਦੇ ਰਸਾਂ, ਖ਼ਾਸ ਕਰਕੇ ਕਹਾਣੀ ਤੇ ਕੰਨ ਰਸ ਤੋਂ ਉਪਰਲੀ ਅਵਸਥਾ ਵਿਚ ਆਉਂਦਾ ਹੈ। ਇਹ ਤਾਂ ਗਿਆਨ ਤੋਂ ਵੀ ਉਪਰਲੀ ਅਵਸ਼ਥਾ ਹੈ-ਅਨੁਭਵ-ਅਤੀਤ ਦੀ ਅਵਸਥਾ ਹੈ।

ਗੁਰਬਾਣੀ ਵਿਚ ਅੰਕਤ ਬ੍ਰਹਮ ਬੀਚਾਰ ਨੂੰ ਮਨ ਵਿਚ ਵਸਾਣ ਲਈ ਸੁਣਨ, ਮੰਨਣ ਤੇ ਨਿਧਿਆਸਕ (ਯਾਨੀ ਇਸ ਵਿਚਾਰ ਨੂੰ ਬਾਰ ਬਾਰ ਚਿਤ ਬ੍ਰਿਤੀ ਵਿਚ ਲਗਾਈ ਰਖਣਾ ਤੇ ਇਸ ਨੂੰ ਮਨ ਵਿਚ ਵਸਾਣਾ) ਤਿੰਨ ਢੰਗ ਮੰਨੇ ਗਏ ਹਨ। ਪਰ ਗੁਰਮਤਿ ਅਨੁਸਾਰ ਇਸ ਵਿਚਾਰ ਨੂੰ ਮਨ ਵਿਚ ਵਸਾਣ ਦੇ ਨਾਲ ਇਸ ਵਿਚ ਪਭੂ ਪ੍ਰੀਤ ਦੀ ਭਾਵਨਾ ਪੈਦਾ ਕਰਨਾ ਵੀ ਜ਼ਰੂਰੀ ਹੈ।

ਸੁਣਿਆ ਮੰਨਿਆ ਮਨਿ ਕੀਤਾ ਭਾਉ॥

(ਜਪੁ ਪੰ: ੪)

ਇਸ ਭਾਵਨਾ ਤੇ ਚਾਹ ਕਰਕੇ ਹੀ ਮਨ ''ਅੰਤਰ ਗਤਿ ਤੀਰਥ ਮਲਿ ਨਾਉ'' ਦੀ ਅਵਸਥਾ ਉਤੇ ਪਹੁੰਚ ਸਕੇਗਾ। ਇਸ ਤੋਂ ਬਿਨਾਂ ਇਹ ਕੇਵਲ ਗਿਆਨ ਦੀ ਹਾਲਤ ਤਕ ਰਹਿ ਜਾਵੇਗਾ।

ਬ੍ਰਹਮ ਬੀਚਾਰ ਨੂੰ ਸੁਣਨ, ਮੰਨਣ ਤੇ ਮਨ ਵਿਚ ਵਸਾਣ ਉਪ੍ਰੰਤ ਇਸ ਵਿਚ ਭਾਵਨੀ ਪੈਦਾ ਕਰਨ ਲਈ, ਕੀਰਤਨ ਤੇ ਖਾਸ ਕਰ ਸੰਗਤ ਵਿਚ ਕੀਰਤਨ ਹੀ ਸਰਵ ਸ੍ਰੇਸ਼ਠ ਜ਼ਰੀਆ ਮੰਨਿਆ ਗਿਆ ਹੈ ਕਿਉਂਕਿ ਇਸ ਵਿਚ ਇਹ ਸਾਰੇ ਹੀ ਢੰਗ ਇਕਠਿਆਂ ਇਕ ਦੂਸਰੇ ਨਾਲ ਰਲ ਮਿਲਕੇ ਚਲਦੇ ਹਨ। ਗੁਰਬਾਣੀ ਦਾ ਕੀਰਤਨ ਇਕ ਤਾਂ ਬੁਧੀ ਨੂੰ ਸੁਚੇਤ ਜਾਗਰੂਪ ਤੇ ਵਿਵੇਕ ਸ਼ੀਲ ਰਖਦਾ ਹੋਇਆ, ਮਨ ਨੂੰ ਐਸਾ ਸ਼ਾਂਤ ਤੇ ਅਡੋਲ ਕਰਦਾ ਹੈ ਕਿ ਇਹ ਵਧ ਤੋਂ ਵਧ ਗ੍ਰਹਿਣਸ਼ੀਲ ਮੁਦਰਾ ਵਿਚ ਆ ਜਾਂਦਾ ਹੈ, ਦੂਸਰੇ ਕੀਰਤਨ ਸੂਖਮ ਬ੍ਰਹਮ ਬੀਚਾਰਾਂ ਨੂੰ ਸੁਗਮਤਾ ਨਾਲ ਮਨ ਦੀਆਂ ਡੂੰਘਾਈਆਂ ਤਕ ਪਹੁੰਚਾਂਦਾ ਹੈ, ਜਿਸ ਨਾਲ ਉਸ ਦੇ ਜ਼ਿੰਦਗੀ ਪ੍ਰਤੀ ਰਵਈਏ ਵਿਚ ਵਡੀ ਤਬਦੀਲੀ

ਆਉਂਦੀ ਹੈ। ਬੁਧੀ ਮਨ ਤੇ ਸੁਰਤਿ ਦੀ ਜਿਵੇਂ ਨਵੀਂ ਘਾੜਤ ਘੜੀ ਜਾਂਦੀ ਹੈ, ਤੇ ਇਨ੍ਹਾਂ ਦੀ ਦ੍ਰਿਸ਼ਟੀ ਗੁਰੂ ਹਰਿ ਪਰਮਾਤਮਾ ਵਲ ਹੋ ਜਾਂਦੀ ਹੈ। ਇਸ ਤਰ੍ਹਾਂ ਕੀਰਤਨ ਇਕ ਤੀਰਥ ਦਾ ਕੰਮ ਕਰਦਾ ਹੈ ਤੇ ਤੀਸਰੇ ਕੀਰਤਨ ਪ੍ਰਭੂ ਮਿਲਾਪ ਦੇ ਰਹੱਸ ਦਾ ਅਨਹਦ ਨਾਦ ਦਾ ਵਿਸਮਾਦੀ ਵਾਤਾਵਰਨ ਪੈਦਾ ਕਰਦਾ ਹੈ "ਵਿਚਿ ਸੰਗਤਿ ਹਰਿ ਪ੍ਰਭੂ ਵਸੈ ਜੀਓ" ਅਨੁਸਾਰ, ਇਸ ਵਾਤਾਵਰਨ ਵਿਚ ਮਨ ਪ੍ਰਭੂ ਮਿਲਾਪ ਵਿਚ ਲੀਨ ਹੋਣ ਦਾ ਰਸ ਨਿਜੀ ਤੌਰ ਉਤੇ ਮਾਣ ਸਕਦਾ ਹੈ ਕਿਉਂਕਿ ਇਹ ਵਿਸਮਾਦੀ ਅਵਸਥਾ, ਹੀ ਐਸੀ ਅਨੁਭਵ ਅਤੀਤ ਦੀ ਅਵਸਥਾ ਹੈ ਜਿਸ ਨੂੰ ਗੁਰੂ ਅਮਰ ਦਾਸ ਨੇ "ਦਸਵਾਂ ਦੁਆਰ" ਕਿਹਾ ਹੈ।

(ਰਾਮਕਲੀ ਮ: ੩, ਅਨੰਦ ਪੰਨੰ:੯੨੨)

"ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰ ਦਿਖਾਇਆ"

ਤੇ ਇਹ ਹੀ "ਸਚ ਖੰਡ ਵਸੈ ਨਿਰੰਕਾਰ" ਦਾ ਪ੍ਰਵੇਸ਼ ਦੁਆਰ ਹੈ ਜੋ ਉਸ ਦੀ ਮਿਹਰ ਦੀ ਨਦਰ ਨਾਲ ਖੁਲ੍ਹਦਾ ਹੈ ਤੇ ਮਨੁਖ ਨਦਰੀ ਨਿਹਾਲ ਹੋ ਜਾਂਦਾ ਹੈ। ਇਸੇ ਲਈ ਗੁਰੂ ਅਰਜਨ ਦੇਵ ਜੀ ਦਾ ਫਰਮਾਨ ਹੈ,

ਗੁਰਬਾਣੀ ਗਾਵਹ ਭਾਈ॥
ਓਹ ਸਫਲ ਸਦਾ ਸੁਖਦਾਈ॥

(ਸੋਰਠਿ ਮ: ੫, ਪੰ: ੬੨੯)

*************

# ਸੰਗੀਤ ਮਹਾਂ ਵਿਦਿਆਲੇ

1/98 ਰਜਿੰਦਰ ਨਗਰ

ਨਵੀਂ ਦਿਲੀ-110060 ਫੋਨ. 5785984

ਅੱਜ ਅਸੀਂ ਤੁਹਾਡੀ ਜਾਣਕਾਰੀ ਉਸ ਸੰਗੀਤ ਵਿਦਿਆਲੇ ਦੇ ਬਾਨੀ ਉਸਤਾਦ ਨਾਲ ਕਰਵਾਉਂਦੇ ਹਾਂ, ਜੋ ਆਪ ਸੰਗੀਤ ਵਿਚ ਡਬਲ ਐਮ.ਏ. ਹਨ ਅਤੇ ਪੜ੍ਹਾਈ ਵਿਚ ਪੰਜਾਬ ਯੂਨਿਵਰਸਟੀ ਤੋਂ ਗਿਆਨੀ ਅਤੇ ਬੀ.ਏ. ਹਨ। ਉਨ੍ਹਾਂ ਦੀ ਧਰਮ ਪਤਨੀ, ਤਿੰਨ ਬੇਟੀਆਂ ਤੇ ਇਕ ਬੇਟਾ ਸੰਗੀਤ ਵਿਚ ਐਮ.ਏ. ਹਨ। ਅੱਜਕਲ੍ਹ 'ਸਿੰਘ ਬੰਧੂ' ਦੇ ਨਾਂ ਨਾਲ ਵਿਸ਼ਵ ਵਿਖਿਆਤ, ਅਕਾਦਮੀ ਅਵਾਰਡ ਪ੍ਰਾਪਤ, ਸੰਗੀਤ ਪਾਰੰਗਤ ਭਰਾਂਵਾਂ ਦੀ ਜੋੜੀ, ਇਨ੍ਹਾਂ ਦੇ ਹੀ ਛੋਟੇ ਭਰਾ ਹਨ ਜਿਨ੍ਹਾਂ ਨੇ ਮੁਢਲੀ ਸੰਗੀਤ ਸਿਖਿਆ ਇਨ੍ਹਾਂ ਤੋਂ ਹੀ ਲਈ।

ਉਪਰੋਕਤ ਸੰਗੀਤਕ ਪਰੰਪਰਾ ਤੇ ਪਿਛੋਕੜ ਦੇ ਮਾਲਕ ਹਨ ਪ੍ਰਿੰਸੀਪਲ ਸ੍ਰ: ਗੁਰਸ਼ਰਨ ਸਿੰਘ ਜੀ। ਇਹ ਇਕ ਇੰਜੀਨੀਅਰ ਦੇ ਸਪੁੱਤਰ ਹਨ। ਸਾਢੇ ਦਸ ਸਾਲ ਦੀ ਉਮਰ ਵਿਚ ਨੇਤ੍ਰਹੀਣ ਹੋ ਜਾਣ ਕਾਰਣ, ਸੰਗੀਤ ਨੂੰ ਕਿੱਤੇ ਦੇ ਰੂਪ ਵਿਚ ਅਪਣਾਇਆ। ਅਰੰਭ ਵਿਚ ਸਟੇਜਾਂ ਤੇ ਗਾਣਾ ਸ਼ੁਰੂ ਕੀਤਾ। ਪਰ ਤੁਰੰਤ ਹੀ ਮਹਿਸੂਸ ਕੀਤਾ ਕਿ ਇਹ ਉਨ੍ਹਾਂ ਦੇ ਸੁਭਾਅ ਦੇ ਅਨੁਕੂਲ ਨਹੀਂ ਹੈ ਕਿਉਂਕਿ ਇਨ੍ਹਾਂ ਪ੍ਰੋਗਰਾਮਾਂ ਵਿਚ ਸੰਸਥਾਵਾਂ ਦੇ ਕਾਰਜਕਾਰੀਆਂ ਦੀ ਖੁਸ਼ਾਮਦ ਕਰਨੀ ਪੈਂਦੀ ਸੀ ਜੋ ਕਿ ਇਨ੍ਹਾਂ ਨੂੰ ਬਹੁਤ ਅਖਰਦੀ ਸੀ। ਕਾਫ਼ੀ ਸੋਚ ਤੋਂ ਬਾਦ ਇਨ੍ਹਾਂ ਨੂੰ ਸੰਗੀਤ ਅਧਿਆਪਨ ਦਾ ਕੰਮ ਚੰਗਾ ਲੱਗਾ। ਇਸ ਕੰਮ ਵਿਚ ਕਿਸੇ ਦੀ ਖੁਸ਼ਾਮਦ ਨਹੀਂ ਕਰਨੀ ਪੈਂਦੀ ਸੀ। ਦੂਜੇ ਇਸ ਵਿਚ ਸੰਗੀਤ ਦਾ ਪ੍ਰਚਾਰ ਕਰਨ ਦਾ ਚੰਗਾ ਮੌਕਾ ਮਿਲਦਾ ਹੈ। ਸੋ 1942 ਵਿਚ ਲਾਹੌਰ ਵਿਖੇ ਸੰਗੀਤ ਮਹਾਂਵਿਦਿਆਲੇ ਦੀ ਸਥਾਪਨਾ ਕੀਤੀ ਗਈ, ਤਾਂ ਤੋਂ ਲੈਕੇ ਅਜ ਤੀਕ ਇਨ੍ਹਾਂ ਨੇ ਕਦੇ ਵਪਾਰ ਦੇ ਦ੍ਰਿਸ਼ਟੀਕੋਣ ਨਾਲ ਕਿਸੇ ਨੂੰ ਨਹੀਂ ਸਿਖਾਇਆ, ਬਲਕਿ ਇਕ 'ਮਿਸ਼ਨਰੀ' ਦੇ ਤੌਰ ਤੇ ਪ੍ਰਚਾਰ ਦੀ ਭਾਵਨਾ ਨਾਲ ਹਰ ਇਕ ਨੂੰ ਸਿਖਿਆ ਦਿੰਦੇ ਹਨ। ਪਰ ਵਿਦਿਆਰਥੀਆਂ ਨਾਲ ਆਪਣੇ ਬੱਚਿਆਂ ਵਰਗਾ ਨਿਘਾ ਪਿਆਰ ਕਰਦੇ ਹਨ।

1946 ਦੇ ਆਸ-ਪਾਸ ਇਕ ਲਹਿਰ ਚਲੀ ਕਿ 'ਸਿਖਾਂ' ਨੂੰ ਆਪਣੇ ਨਾਂ ਨਾਲ ਜਾਤਿ-ਸੂਚਕ ਚਿੰਨ੍ਹ ਦਾ ਪ੍ਰਯੋਗ ਨਹੀਂ ਕਰਨਾ ਚਾਹੀਦਾ। ਸੋ ਸ੍ਰ. ਗੁਰਸ਼ਰਨ ਸਿੰਘ ਜੀ ਨੇ ਆਪਣੇ ਨਾਂ ਨਾਲ ਪਿਛੇਤਰ 'ਜਾਤਿ' ਦੀ ਥਾਂ 'ਸ੍ਰਦਾਰ' ਲਾਉਣਾ ਸ਼ੁਰੂ ਕਰ ਦਿੱਤਾ। ਅੱਜਕੱਲ੍ਹ ਇਹ ਸ੍ਰ. ਜੀ.ਐਸ. ਸ੍ਰਦਾਰ ਦੇ ਨਾਂ ਨਾਲ ਜਾਣੇ ਜਾਂਦੇ ਹਨ।

1947 ਵਿਚ ਦੇਸ਼ ਦੀ ਵੰਡ ਹੋ ਗਈ। ਇਹ ਸੰਗੀਤ ਵਿਦਿਆਲਾ ਦਿਲੀ ਵਿਚ ਸ਼ੁਰੂ ਹੋ ਗਿਆ। 1951 ਤੀਕ ਭਾਤਖੰਡੇ, ਲਖਨਊ ਦੀਆਂ ਪ੍ਰੀਖਿਆਵਾਂ ਲਈ ਆਪ ਵਿਦਿਆਰਥੀ ਤਿਆਰ ਕਰਦੇ ਰਹੇ। 1952 ਤੋਂ ਇਹ ਵਿਦਿਆਲਾ ਪ੍ਰਯਾਗ ਸੰਗੀਤ ਸਮਿਤਿ (ਸੰਗੀਤ ਦੀ ਮਾਨਤਾ ਪ੍ਰਾਪਤ ਯੂਨੀਵਰਸਿਟੀ), ਅਲਾਹਾਬਾਦ ਤੋਂ ਮਾਨਤਾ-ਪ੍ਰਾਪਤ ਹੋ ਗਿਆ ਤੇ ਹੁਣ ਤੀਕ ਚੜ੍ਹਦੀ ਕਲਾ ਵਿਚ ਚਲ ਰਿਹਾ ਹੈ।

1964 ਤੋਂ ਬੀ.ਏ. ਮਿਊਜ਼ਿਕ (ਸੰਗੀਤ ਪ੍ਰਭਾਕਰ) ਅਤੇ ਐਮ. ਏ. (ਮਿਊਜ਼ਿਕ ਸੰਗੀਤ ਪ੍ਰਵੀਣ) ਦੀਆਂ ਪ੍ਰੀਖਿਆਂਵਾਂ ਲਈ ਸੰਗੀਤ ਮਹਾਂਵਿਦਿਆਲਾ ਹੀ ਪ੍ਰੀਖਿਆ ਕੇਂਦਰ ਚੁਣਿਆ ਜਾਂਦਾ ਹੈ। ਇਸਦਾ ਕਾਰਣ ਇਨ੍ਹਾਂ ਦੁਆਰਾ ਸੰਗੀਤ ਪ੍ਰੀਖਿਆਂਵਾਂ ਦੀ ਪਵਿੱਤਰਤਾ ਅਤੇ ਅਨੁਸ਼ਾਸਨ ਦਾ ਪੂਰਾ-ਪੂਰਾ ਧਿਆਨ ਰਖਿਆ ਜਾਣਾ ਹੀ ਹੈ।

ਪ੍ਰਿੰਸੀਪਲ ਜੀ.ਐਸ.ਸੂਦਾਰ ਜੀ ਦੀ ਪ੍ਰੇਰਣਾ ਅਤੇ ਉਪਰਾਲੇ ਵਜੋਂ ਹੀ ਪ੍ਰਯਾਗ ਸੰਗੀਤ ਸਮਿਤੀ ਨੇ ਬੀ.ਏ. ਮਿਊਜ਼ਿਕ (ਸੰਗੀਤ ਪ੍ਰਭਾਕਰ) ਤਕ ਦੀ ਪ੍ਰੀਖਿਆ ਗੁਰਬਾਣੀ ਗਾਇਨ ਦੁਆਰਾ ਵੀ ਲੈਣੀ ਅਰੰਭ ਕਰ ਦਿਤੀ ਹੈ। ਬੀ. ਏ. ਡਿਗਰੀ ਕੋਰਸ ਤਕ ਦੇ ਸਾਰੇ ਰਾਗਾਂ ਦੀਆਂ ਗੁਰਬਾਣੀ ਤੇ ਅਧਾਰਤ ਬੰਦਸ਼ਾਂ ਸੂਦਾਰ ਜੀ ਨੇ ਆਪ ਮਿਹਨਤ ਤੇ ਉਪਰਾਲਾ ਕਰਕੇ ਆਪਣੀ ਵਿਦਵਤਾ ਨਾਲ ਬਣਾਈਆਂ ਹਨ।

ਕਈ ਨਾਮਵਰ ਰਾਗੀ ਇਸ ਸੰਗੀਤ ਵਿਦਿਆਲੇ ਦੀ ਦੇਣ ਹਨ। ਅੰਤਰਰਾਸ਼ਟਰੀ ਪੱਧਰ ਤੇ ਮਸ਼ਹੂਰ ਅਤੇ ਮਾਨਤਾ ਪ੍ਰਾਪਤ 'ਸਿੰਘ ਬੰਧੂ' ਨੇ ਵੀ ਆਪਣੀ ਸੰਗੀਤ ਸਿਖਿਆ ਇਥੋਂ ਹੀ ਪ੍ਰਾਪਤ ਕੀਤੀ ਸੀ। ਰੇਡਿਉ ਤੇ ਆਡੀਸ਼ਨ ਦੇ ਕੇ, ਇਸ ਵਿਦਿਆਲੇ 'ਚੋਂ ਕਲਾਕਾਰਾਂ ਦਾ ਨਿਕਲਣਾ ਆਮ ਗੱਲ ਹੈ। ਇਥੋਂ ਸਿਖਿਆ-ਪ੍ਰਾਪਤ ਸੰਗੀਤ ਅਧਿਆਪਕਾਂ ਦੀ ਗਿਣਤੀ ਵੀ ਕਾਫੀ ਹੈ।

ਇਸ ਸਭ ਦੇ ਇਲਾਵਾ ਇਸ ਵਿਦਿਆਲੇ ਦਾ ਨਿਸ਼ਕਾਮ ਕੀਰਤਨੀ ਜਥਾ ਗੁਰਦੁਆਰਿਆਂ ਵਿਚ ਮੋਖ-ਰਹਿਤ ਕੀਰਤਨ ਕਰਦਾ ਹੈ ਜੋ ਕਿ ਰਾਗਾਂ ਤੇ ਅਧਾਰਤ ਹੁੰਦਾ ਹੈ।

ਇਨ੍ਹਾਂ ਨੇ ਨਿਸ਼ਕਾਮ ਸਿਖ ਵੈਲਫੇਅਰ ਕੌਂਸਲ (ਰਜਿ.) ਦੁਆਰਾ ਸੰਚਾਲਿਤ ਨਿਸ਼ਕਾਮ ਸੰਗੀਤ ਵਿਦਿਆਲਾ ਦੇ ਉਨ੍ਹਾਂ ਬੱਚਿਆਂ ਦੇ ਸਿਰ ਤੇ ਹੱਥ ਰਖਿਆ ਹੋਇਆ ਹੈ ਜਿਨ੍ਹਾਂ ਦੇ ਮਾਤਾ-ਪਿਤਾ 84 ਦੇ ਦੰਗਿਆਂ ਵਿਚ ਮਾਰੇ ਗਏ ਸਨ। ਉਹੀ ਬੱਚੇ ਹੁਣ ਪੜ੍ਹਾਈ ਦੇ ਨਾਲ-ਨਾਲ ਸੰਗੀਤ ਵਿਚ ਡਿਗਰੀਆਂ ਪ੍ਰਾਪਤ ਕਰਕੇ ਸਕੂਲਾਂ ਵਿਚ ਸੰਗੀਤ ਅਧਿਆਪਕਾਂ ਦੀਆਂ ਨੌਕਰੀਆਂ ਪ੍ਰਾਪਤ ਕਰ ਰਹੇ ਹਨ।

ਸੰਖੇਪ ਵਿਚ ਪਿਛਲੇ 50 ਸਾਲਾਂ ਤੋਂ ਇਹ ਵਿਦਿਆਲਾ ਦੇਸ਼, ਕੌਮ ਤੇ ਸਮਾਜ ਦੀ ਸੇਵਾ, ਸ਼ਾਸਤਰੀ ਸੰਗੀਤ ਦਾ ਪ੍ਰਚਾਰ ਤੇ ਪ੍ਰਸਾਰ ਕਰ ਰਿਹਾ ਹੈ ਅਤੇ ਗੁਰਬਾਣੀ ਕੀਰਤਨ ਦੇ ਪ੍ਰਤੀ ਬੱਚਿਆਂ ਵਿਚ ਵਿਸ਼ੇਸ਼ ਉਤਸ਼ਾਹ ਪੈਦਾ ਕਰ ਰਿਹਾ ਹੈ।

1965 ਵਿਚ ਆਪ ਜੀ ਵਲੋਂ ਸੰਗੀਤ ਸਮਾਜ ਸੋਸਾਇਟੀ ਦੀ ਸਥਾਪਨਾ ਕੀਤੀ ਗਈ ਤਾਂ ਜੁ ਇਸ ਵਿਚ ਉਨ੍ਹਾਂ ਨੌਜਵਾਨ ਕਲਾਕਾਰਾਂ ਨੂੰ ਆਪਣੀ ਕਲਾ ਪ੍ਰਦਰਸ਼ਨ ਕਰਨ ਦਾ ਮੌਕਾ ਮਿਲ ਸਕੇ ਜੋ ਕਈ ਕਾਰਣਾਂ ਕਰਕੇ ਅਗੇ ਨਹੀਂ ਆ ਪਾਉਂਦੇ। ਇਹ ਸੋਸਾਇਟੀ ਹਰ ਸਾਲ ਇਕ ਫੰਕਸ਼ਨ ਕਰਦੀ ਹੈ ਤੇ ਨਵੇਂ ਕਲਾਕਾਰਾਂ ਨੂੰ ਉਤਸ਼ਾਹ ਦੇਂਦੀ ਹੈ।

ਸਰਦਾਰ ਜੀ ਪਿਛਲੇ 40 ਸਾਲਾਂ ਤੋਂ ਪ੍ਰਯਾਗ ਸਮਿਤਿ ਅਤੇ ਹੋਰ ਸੰਸਥਾਵਾਂ ਦੀ ਐਮ. ਏ. ਤਕ ਦੀ ਪ੍ਰੀਖਿਆਂ ਦੇ ਪ੍ਰੀਖਿਅਕ ਬਣੇ ਹਨ। ਅਤੇ ਇਤਨੇ ਹੀ ਸਮੇਂ ਤੋਂ ਸੰਗੀਤ Competitions ਵਿਚ ਜਜਮੈਂਟ ਵੀ ਦਿੰਦੇ ਰਹੇ ਹਨ। ਇਹ ਮੁਕਾਬਲੇ ਸਕੂਲਾਂ, ਕਾਲਿਜਾਂ ਅਤੇ ਯੂਨੀਵਰਸਿਟੀਆਂ ਦੇ ਪੱਧਰ ਤੇ ਹੁੰਦੇ ਹਨ। ਇਸ ਤੋਂ ਇਲਾਵਾ Ph.D. ਕਰਨ ਵਾਲੇ ਵਿਦਿਆਰਥੀਆਂ ਦੇ ਗਾਈਡ ਵੀ ਬਣਦੇ ਹਨ। ਇਹਨਾਂ ਦਾ ਪਹਿਲਾ ਗੁਰਬਾਣੀ ਦਾ ਰਿਕਾਰਡ ਸਵ੍ਰਗਵਾਸੀ ਜਥੇਦਾਰ ਸੰਤੋਖ ਸਿੰਘ ਜੀ ਨੇ ਵਿਸ਼ੇਸ਼ ਦੀਵਾਨ ਵਿਚ ਰਿਲੀਜ਼ ਕੀਤਾ ਸੀ। ਗੁਰਬਾਣੀ ਅਤੇ ਕੀਰਤਨ ਦੀ ਸੇਵਾ ਕਰਨ ਕਰਕੇ ਗੁਰਦੁਆਰਾ ਨਾਨਕਸਰ, ਨਿਜ ਥਾਓਂ ਅਤੇ ਹੋਰ ਕਈ ਗੁਰਦੁਆਰਿਆਂ ਵਿਚ ਇਹਨਾਂ ਨੂੰ ਸਰੋਪਾ ਪੇਸ਼ ਕੀਤਾ ਗਿਆ ਹੈ। ਲਛਮਨ ਚੇਲਾ ਰਾਮ ਜੀ ਜਿਹੜਾ ਗੁਰੂ ਗ੍ਰੰਥ ਸਾਹਿਬ ਹਿੰਦੀ ਵਿਚ ਲਿਖ ਰਹੇ ਹਨ, ਉਸ ਵਿਚ ਸਭਨਾਂ ਰਾਗਾਂ ਦਾ ਪਰੀਚੈ ਸ੍ਰੀ ਜੀ.ਐਸ. ਸਰਦਾਰ ਜੀ ਨੇ ਹੀ ਲਿਖਿਆ ਹੈ।

# ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਜੀ ਦੀ ਪਵਿਤਰ ਮਰਯਾਦਾ।

**ਜੇਠ ਹਾੜ**

| | |
|---|---|
| ਕਿਵਾੜ ਖੁਲਣ ਦਾ ਸਮਾਂ | 2.00 ਸਵੇਰੇ |
| ਤਿੰਨ ਪਹਿਰਾ ਦੀ ਚੌਂਕੀ ਕੀਰਤਨ ਸ਼ੁਰੂ | 2.00 ਸਵੇਰੇ |
| ਸ੍ਰੀ ਆਸਾ ਜੀ ਦੀ ਵਾਰ ਸ਼ੁਰੂ | 3.00 ਸਵੇਰੇ |
| ਪਾਲਕੀ ਸਾਹਿਬ ਸ੍ਰੀ ਅਕਾਲ ਤਖਤ ਤੋਂ ਚੱਲਣ ਦਾ ਸਮਾਂ | 4.00 ਸਵੇਰੇ |
| ਅਕਾਸ਼ਵਾਣੀ ਤੋਂ ਪ੍ਰਕਾਸ਼ ਤੇ ਪਹਿਲਾ ਹੁਕਮਨਾਮਾ | 4.15 ਤੋਂ 4.30 ਸਵੇਰੇ |
| ਪਹਿਲੀ ਅਰਦਾਸ | 5.00 ਸਵੇਰੇ |
| ਸ੍ਰੀ ਆਸਾ ਜੀ ਦੀ ਵਾਰ ਦਾ ਭੋਗ ਤੇ ਸਮਾਪਤੀ | 6.00 ਸਵੇਰੇ |
| ਉਪਰੰਤ ਅਰਦਾਸ ਅਤੇ ਹੁਕਮਨਾਮਾ | 6.15 ਸਵੇਰੇ |
| ਰਹਰਾਸਿ ਸਾਹਿਬ ਦਾ ਪਾਠ ਸ਼ੁਰੂ | 5.30 ਸ਼ਾਮ |
| ਰਹਰਾਸਿ ਸਾਹਿਬ ਦੇ ਪਾਠ ਦੀ ਸਮਾਪਤੀ | 6.00 ਸ਼ਾਮ |
| ਸਮਾਪਤੀ ਰਾਤ | 9.00 ਰਾਤ |
| ਸ੍ਰੀ ਹਰਿਮੰਦਰ ਸਾਹਿਬ ਤੋਂ ਪਾਲਕੀ ਸਾਹਿਬ ਚੱਲਣ ਦਾ ਸਮਾਂ | 9.15 ਰਾਤ |

ਸ੍ਰੀ ਹਰਿਮੰਦਰ ਸਾਹਿਬ ਜੀ ਦੇ ਕਿਵਾੜ ਖੁਲਣ ਤੋਂ ਲੈ ਕੇ ਸਮਾਪਤੀ ਤੱਕ ਅਖੰਡ ਕੀਰਤਨ ਹੁੰਦਾ ਰਹਿੰਦਾ ਹੈ।

ਸੋਦਰੁ ਰਹਰਾਸਿ ਸਾਹਿਬ ਜੀ ਦਾ ਪਾਠ ਹਮੇਸ਼ਾਂ ਸੂਰਜ ਦੇ ਛਿਪਣ ਤੋਂ ਪਿਛੋਂ ਅਰੰਭ ਹੁੰਦਾ ਹੈ। ਰਾਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਜਾਣ ਉਪਰੰਤ ਇਕ ਘੰਟਾ ਸੇਵਾ ਤੇ ਸਫਾਈ ਆਦਿ ਉਪਰੰਤ ਇਸ਼ਨਾਨ ਕਰਾਉਣ ਦੀ ਸੇਵਾ ਪ੍ਰੇਮੀ-ਜਨ ਸੇਵਾਦਾਰਾਂ ਦੇ ਸਹਿਯੋਗ ਨਾਲ ਕਰਦੇ ਹਨ। ਇਸ਼ਨਾਨ ਸਮੇਂ ਸਾਰੇ ਪ੍ਰੇਮੀ ਮਿਲਕੇ ਇਸ਼ਨਾਨ ਕਰਾਉਂਦੇ ਹਨ। ਇਸ਼ਨਾਨ ਆਦਿ ਦੀ ਸੇਵਾ ਕਰਾਉਣ ਉਪਰੰਤ ਵਿਛਾਈਆਂ ਤੇ ਗੁਰੂ ਸਾਹਿਬ ਜੀ ਦਾ ਸਿੰਘਾਸਨ ਸਜਾ ਕੇ ਅਰਦਾਸ ਹੁੰਦੀ ਹੈ ਤੇ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਦੀ ਹੈ। ਫਿਰ ਤਿੰਨ-ਪਹਿਰੇ ਦੀ ਚੌਂਕੀ ਦਾ ਕੀਰਤਨ ਅਰੰਭ ਹੁੰਦਾ ਹੈ।

ਚਲਦਾ ਅੱਗੇ ਪੰਨਾ 26 ਤੇ

ੴ ਸਤਿਗੁਰ ਪ੍ਰਸਾਦਿ

# ਸਦ ਖੁਸ਼ੀਆਂ ਕੀਰਤਨ ਜਪ ਨਾਮ

ਡਾ: ਤਰਲੋਚਨ ਸਿੰਘ ਬਟਾਲਾ।

ਹਉ ਅਨਦਿਨ ਹਰਿ ਨਾਮੁ ਕੀਰਤਨ ਕਰਉ।
ਸਤਿਗੁਰ ਮੋਕਉ ਹਰਿ ਨਾਮ ਬਤਾਇਆ ।
ਹਉ ਹਰਿ ਬਿਨੁ ਖਿਨੁ ਪਲ ਰਹਿ ਨ ਸਕਉ ।।1।। ਰਹਾਉ।।
ਹਮਰੇ ਸ੍ਰਵਣ ਸਿਮਰਨ ਹਰਿ ਕੀਰਤਨ,
ਹਉ ਹਰਿ ਬਿਨੁ ਰਹਿ ਨ ਸਕਉ ਹਉ ਇਕ ਖਿਨੁ ।।
ਜੈਸੇ ਹੰਸ ਸਰਵਰ ਬਿਨ ਰਹਿ ਨ ਸਕੈ,
ਤੈਸੇ ਹਰਿ ਜਨੁ ਕਿਉ ਰਹੈ ਹਰਿ ਸੇਵਾ ਬਿਨੁ।।

ਚੌਥੇ ਪਾਤਸ਼ਾਹ, ਸਾਹਿਬ ਸ੍ਰੀ ਗੁਰੂ ਰਾਮ ਦਾਸ ਜੀ ਮਹਾਰਾਜ ਦਾ ਰਾਗ ਆਸਾਵਰੀ ਵਿਚ ਫਰਮਾਨ ਹੈ, ਕਿ ਮੇਰੇ ਸੱਚੇ ਗੁਰੂ ਨੇ, ਮੈਨੂੰ ਪਤੀ ਪਰਮੇਸ਼ਰ ਦੇ ਨਾਮ ਬਾਰੇ, ਦੱਸ ਦਿਤਾ ਹੈ। ਉਸਦਾ, ਮੈਂ ਨਿਤ ਗਾਇਨ ਕਰਦਾ ਹਾਂ।। ਮੈਂ ਉਸ ਪਤੀ ਪਰਮੇਸ਼ਰ ਤੋਂ ਬਿਨਾਂ, ਇਕ ਖਿਨ ਪਲ ਵੀ ਨਹੀਂ ਰਹਿ ਸਕਦਾ।। ਉਹ ਫਰਮਾਂਦੇ ਨੇ, ਕਿ ਸਾਡੇ ਪਾਸ, ਸੁਣਨ ਅਤੇ ਯਾਦ ਕਰਨ ਲਈ (ਹਰਿ) ਪਤਿ ਪਰਮੇਸ਼ਰ ਦਾ ਕੀਰਤਨ ਹੀ ਤਾਂ ਹੈ। ਉਹ ਪਰਮਾਣ ਦੇਂਦੇ ਨੇ, ਕਿ ਜਿਵੇਂ ਹੰਸ-ਸਰੋਵਰ, ਤਾਲਾਬ ਜਾਂ ਪਾਣੀ ਦੀ ਝੀਲ ਤੋਂ ਬਿਨਾ ਨਹੀਂ ਰਹਿ ਸਕਦਾ ਕਿਉਂਕਿ, ਪਾਣੀ ਤੋਂ ਬਾਹਰ ਆਉਣ ਤੇ ਵੀ ਉਸ ਦੀ ਸੁਰਤੀ ਪਾਣੀ ਵਿੱਚ ਹੀ ਲਗੀ ਰਹਿੰਦੀ ਹੈ, ਤਿਵੇਂ ਹੀ, ਉਹ ਸਮਝਾਂਦੇ ਹਨ, ਕਿ ਪਤਿ ਪਰਮੇਸ਼ਰ ਦੀ ਚਰਨ-ਸੇਵਾ ਤੋਂ ਬਿਨਾਂ, ਹਰਿ ਪਤਿ ਪਰਮੇਸ਼ਰ ਦਾ ਪਿਆਰਾ ਕਿਵੇਂ ਰਹਿ ਸਕਦਾ ਹੈ।।

ਅਸੀਂ ਸਾਰੇ ਹੀ ਗੁਰਬਾਣੀ ਦਾ ਪਾਠ ਕਰਨ, ਜਾਂ ਗਾਉਣ ਦਾ ਉਪ੍ਰਾਲਾ, ਜਾਂ ਵਖਾਵਾ, ਰੋਜ਼ ਕਰਦੇ ਹਾਂ। ਪਰ ਕੀ ਕਦੀ , ਇਸ ਦੇ ਫਲ ਦੀ ਪ੍ਰਾਪਤੀ ਦਾ ਅਹਿਸਾਸ ਹੋਇਆ ਹੈ? ਜੇ ਨਹੀਂ ਹੋਇਆ ਤਾਂ ਕਿਉ? ਮਹਾਰਾਜ ਪੰਜਵੇਂ ਪਾਤਸ਼ਾਹ ਸਮਝਾਂਦੇ ਨੇ, ਕਿ ਇਸ ਲਈ, ਪਰਮੇਸ਼ਰ ਦੀ ਮੇਹਰ ਦਾ ਹਥ ਹੋਣਾ ਬਹੁਤ ਜਲਰੂਰੀ ਹੈ। ਮਹਾਰਾਜ ਫਰਮਾਂਦੇ ਨੇ :-

''ਆਪਿ ਜਪਾਏ ਜਪੈ ਸੋ ਨਾਉ ।।

ਆਪਿ ਗਾਵਾਏ ਸੋ ਹਰਿ ਗੁਨ ਗਾਓ ।।

ਮਨੁਖ ਦੇ ਆਪਣੇ ਹਥ, ਵਸ ਵਿਚ ਕੁਝ ਨਹੀਂ।।

ਸਾਹਿਬ ਹਥ ਵਡਿਆਈਆਂ ਜਿਸ ਭਾਵੈ ਤਿਸ ਦੇਇ ।।

ਤੁਰਿਆਂ-ਫਿਰਦਿਆਂ ਕੰਮ ਕਰਦਿਆਂ, ਖੁਸ਼ੀਆਂ-ਗਮੀਆਂ ਵਿਚ ਵਿਚਰਦਿਆਂ, ਸਜਣਾਂ-ਦੋਸਤਾਂ-ਦੁਸ਼ਮਣਾਂ ਪਾਸ ਬੈਠਿਆਂ,ਹਿਰਦੇ ਵਿਚ, ਪ੍ਰਭੂ ਪਿਆਰੇ, ਹਰਿ ਦੀ ਯਾਦ ਨੂੰ, ਲਗਾਤਾਰ ਬਣਾਈ ਰਖਣਾ, "ਸਿਮਰਨ ਹੈ"।। ਇਸੇ ਯਾਦ ਅੰਦਰ, ਪ੍ਰਭੂ ਪਿਆਰੇ ਦੇ ਸ਼ਬਦ ਰਾਹੀਂ, ਉਸ ਦੇ ਗੁਣ ਗਾਇਨ ਕਰਨੇ ਕੀਰਤਨ ਹੈ ।।

"ਭਲੋ ਭਲੋ ਰੇ ਕੀਰਤਨੀਆ"

ਸੂਹੀ ਰਾਗ ਵਿਚ ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਅਰਜਨ ਦੇਵ ਜੀ ਮਹਾਰਾਜ ਦਾ ਕਥਨ ਹੈ :-

"ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ।

ਜਿਸ ਤੂ ਆਪ ਕਰਾਇਹਿ ।

ਤਹਾਂ ਬੈਕੁੰਠ ਜਹ ਕੀਰਤਨ ਤੇਰਾ ।

ਤੂੰ ਆਪੇ ਸਰਧਾ ਲਾਇਹਿ ।।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ, ਆਪਣੀਆਂ, ਉਦਾਸੀਆਂ ਸਮੇਂ, ਜਦੋਂ ਮੇਹਰ ਦੀ ਰੌਂ ਵਿਚ ਆਉਂਦੇ, ਤਾਂ ਫਰਮਾਂਦੇ-ਮਰਦਾਨਿਆਂ, ਰਬਾਬ ਵਜਾ, ਬਾਣੀ ਆਈ ਆ । ਤਾਂ ਫਿਰ ਆਪ ਕੀਰਤਨ ਵਿਚ ਮਸਤ ਹੋ ਜਾਂਦੇ। ਉਸ ਮਸਤੀ ਵਿਚ, ਚੌਗਿਰਦਾ ਝੂਮ ਉਠਦਾ। ਸ੍ਰੋਤੇ ਆਪਣਾ ਆਪ ਭੁਲ ਜਾਂਦੇ, ਸਜਣ, ਠੱਗੀਆਂ ਛੱਡ ਸਾਜਨ ਬਣ ਜਾਂਦੇ, ਭੂਮੀਏ ਡਾਕੇ ਭੁਲ ਸਾਧ ਬਣ ਜਾਂਦੇ ਅਤੇ ਕੌਡੇ ਰਾਖਸ਼-ਪੁਣਾ ਭੁਲ ਕੇ ਦੇਵਤੇ ਹੋ ਜਾਂਦੇ। ਗੁਰੂ ਨਾਨਕ ਪਿਆਰੇ ਦੇ ਚਰਨਾ ਉਤੇ ਢਹਿ ਕੇ, ਨਾ ਕੇਵਲ ਭੁਲਾਂ ਹੀ ਬਖਸ਼ਾ ਲੈਂਦੇ, ਬਲਕਿ, ਲੋਕ ਪ੍ਰਲੋਕ, ਦੋਨੋ ਸਵਾਰ ਕੇ ਆਵਾਗਵਣ ਦੇ ਚਕਰ ਤੋਂ ਮੁਕਤੀ ਪਾ ਲੈਂਦੇ।

ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਕਲਗੀਧਰ ਪਿਤਾ, ਨਿਤ ਪ੍ਰਤੀ ਕੀਰਤਨ ਸੁਣਦੇ, ਤੇ ਕਰਦੇ ਸਨ। ਇਥੋਂ ਤਕ ਕਿ, ਆਨੰਦਪੁਰ ਸਾਹਿਬ ਦਾ ਕਿਲਾ ਛਡਣ ਤੋਂ ਉਪਰੰਤ, ਜਦੋਂ 10 ਲਖ ਮੁਗਲਈ ਫੌਜ, ਉਹਨਾਂ ਦਾ ਪਿੱਛਾ ਕਰ ਰਹੀ ਸੀ, ਉਦੋਂ ਵੀ, ਆਪ, ਸਰਸਾ ਨਦੀ ਦੇ ਕੰਡੇ, ਦੀਵਾਨ ਸਜਾ ਕੇ, ਕੀਰਤਨ ਦੇ ਆਨੰਦ ਮਗਨ ਸਨ ।।

ਧਨਾਸਰੀ ਰ੍ਹਾਗ ਵਿਚ, ਪੰਜਵੇਂ ਪਾਤਸ਼ਾਹ, ਸਾਹਿਬ ਸ੍ਰੀ [illegible] ਜਨ ਦੇਵ ਜੀ ਮਹਾਰਾਜ, ਮਨੁਖਤਾ ਨੂੰ ਸਪਸ਼ਟ ਸ਼ਬਦਾਂ ਵਿਚ, ਉਪਦੇਸ਼ ਕਰਦੇ ਹਨ, ਕਿ ਸੰਸਾਰ ਦੇ ਲੋਕੋ, ਪਤੀ ਪਰਮੇਸ਼ਰ, ਹਰੀ ਦਾ ਨਾਮ ਜਪਿਆਂ, ਸਭ ਤ੍ਰਿਸ਼ਨਾਵਾ ਮੁਕ ਜਾਂਦੀਆ ਹਨ। ਗੁਰੂ ਪਿਆਰੇ ਦੇ ਬਚਨਾ ਰਾਹੀਂ,ਮਹਾਂ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ ਅਤੇ ਪਤੀ ਪਰਮੇਸ਼ਰ ਨਾਲ, ਲਿਵ ਜੁੜ ਜਾਦੀ ਹੈ।। ਮਹਾਨ ਦਇਆਵਾਨ, ਪ੍ਰਭੂ ਪ੍ਰੀਤਮ, ਅਪਾਰ ਕ੍ਰਿਪਾ ਕਰਦੇ ਹਨ, ਅਤੇ ਮਾਇਆ, ਚੋਜ-ਤਮਾਸ਼ੇ ਨਹੀਂ ਕਰ ਸਕਦੀ। ਹਰੀ ਨਾਮ ਜਪ ਕੇ, ਨਾਮ ਦਾ ਜੱਸ ਗਾ ਕੇ, ਸੇਵਕ ਦੀ ਜੀਵਨ ਘਾਲਣਾ ਸਫ਼ਲ ਹੋ ਜਾਦੀ ਹੈ। ਮਨੁਖ ਦੀਆਂ ਸਭ ਇਛਾਵਾਂ ਰਾਜ, ਸੁਖ, ਰਸ ਅਤੇ ਅਨੇਕਾਂ ਖੁਸ਼ੀਆਂ, ਹਰੀ ਨਾਮ ਦਾ ਜਾਪ, ਅਤੇ ਹਰੀ ਕੀਰਤਨ ਕਰਨ ਨਾਲ ਪ੍ਰਾਪਤ ਹੋ ਜਾਦੀਆਂ ਹਨ। ਅੰਤ ਵਿਚ, ਆਪ ਫਰਮਾਂਦੇ ਨੇ, ਕਿ ਧੁਰ ਦਰਗਾਹੋਂ, ਕਰਤਾਰ ਨੇ, ਜਿਸ ਦੇ ਕਰਮਾਂ ਵਿਚ, ਲਿਖ ਦਿੱਤਾ ਹੋਵੇ, ਉਸਦੇ ਸਾਰੇ ਕੰਮ ਪੂਰਨ ਹੋ ਜਾਂਦੇ ਹਨ।

ਮਹਾਂ ਸੰਤੋਖ ਹੋਵੇ ਗੁਰ ਬਚਨੀ, ਪ੍ਰਭ ਸਿਓ ਲਾਗੈ ਪੂਰਨ ਧਿਆਨ।।੧।। ਰਹਾਉ।।

ਮਹਾਂ ਕਲੋਲ ਬੁਝਹਿ ਮਾਇਆ ਕੇ, ਕਰ ਕਿਰਪਾ ਮੇਰੇ ਦੀਨ ਦਇਆਲ।।

ਆਪਣਾ ਨਾਮੁ ਦੇਇ ਜਪਿ ਜੀਵਾਂ, ਪੂਰਨ ਹੋਇ ਦਾਸ ਕੀ ਘਾਲ।।੧।।

ਸਰਬ ਮਨੋਰਥ ਰਾਜ ਸੂਖ ਰਸ, ਸਦ ਖੁਸੀਆ ਕੀਰਤਨ ਜਪਿ ਨਾਮ।।

ਜਿਸ ਕੇ ਕਰਮ ਲਿਖਿਆ ਧੁਰ ਕਰਤੇ, ਨਾਨਕ ਜਨ ਕੇ ਪੂਰਨ ਕਾਮ।।

*****

## ਜ਼ਰੂਰੀ ਬੇਨਤੀ

ੴ ਸਤਿਗੁਰ ਪ੍ਰਸਾਦਿ॥

**ਖੁਸ਼ਖ਼ਬਰੀ** **ਖੁਸ਼ਖ਼ਬਰੀ**

ਨੇਤਰਹੀਣਾਂ, ਅੰਗਹੀਣਾਂ, ਗਰੀਬਾਂ ਅਤੇ ਯਤੀਮ ਬਚੇ-ਬਚਿਆਂ ਲਈ

# ਬੰਧੀ ਛੋੜ ਸੰਗੀਤ ਵਿਦਿਆਲਯ ਦਾ ਸੰਚਾਲਨ

ਪਰਮ ਪਿਆਰੇ ਖਾਲਸਾ ਜੀਓ, ਆਪ ਜੀ ਨੂੰ ਜਾਣ ਕੇ ਅਤਿਅੰਤ ਪ੍ਰਸੰਨਤਾ ਹੋਵੇਗੀ ਕਿ ਗੁਰਦੁਆਰਾ ਸਾਹਿਬ ਬੀ-ਬਲਾਕ, ਜੇ.ਜੇ.ਕਲੋਨੀ,ਖਾਨਪੁਰ ਨਵੀਂ ਦਿੱਲੀ ਵਿਖੇ ਸਮੂਹ ਸਾਧ ਸੰਗਤ ਵਲੋਂ ਬਾਬਾ ਦਲਬੀਰ ਸਿੰਘ ਜੀ ਜਾਚਿਕ, ਸੀਸ ਗੰਜ ਸਾਹਿਬ ਵਾਲਿਆਂ ਨੂੰ ਬੇਨਤੀ ਕੀਤੀ ਗਈ ਸੀ ਕਿ ਸਾਡੇ ਗੁਰਦੁਆਰਾ ਸਾਹਿਬ ਵਿਖੇ ਠੀਕ ਪ੍ਰਬੰਧ ਨਹੀਂ ਚਲ ਰਿਹਾ, ਸੋ ਆਪ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸੰਭਾਲੋ। ਉਹਨਾਂ ਨੇ ਬੇਨਤੀ ਨੂੰ ਪਰਵਾਨ ਕਰਕੇ ਪ੍ਰਬੰਧ ਸੰਭਾਲ ਲਿਆ ਹੈ। ਸਵੇਰੇ ਨਿਤਨੇਮ, ਆਸਾ ਜੀ ਦੀ ਵਾਰ ਦਾ ਕੀਰਤਨ, ਸ਼ਾਮੀਂ ਰਹਿਰਾਸ ਤੇ ਆਰਤੀ ਸਾਹਿਬ ਦੇ ਕੀਰਤਨ ਆਰੰਭ ਹੋ ਚੁਕੇ ਹਨ। ਸੰਗਤਾਂ ਖ਼ੁਸ਼ ਹਨ ਤੇ ਸੰਗਰਾਂਦ ਨੂੰ ਚਲਣ ਨਾਲ ਰੌਣਕ ਵਧ ਗਈ ਹੈ।

**ਸੰਗੀਤ ਵਿਦਿਆਲਯ ਦਾ ਸੰਚਾਲਨ–** ਆਪ ਜੀ ਨੇ ਗੁਰਦੁਆਰਾ ਸਾਹਿਬ ਦੇ ਕੰਪਲੈਕਸ ਵਿਖੇ ਇਕ ਮਹਾਨ ਸੰਗੀਤ ਵਿਦਿਆਲਯ ਦਾ ਆਰੰਭ ਕਰ ਦਿਤਾ ਹੈ। ਕੁਝ ਵਿਦਿਆਰਥੀ ਭਰਤੀ ਕਰ ਲਏ ਹਨ। ਦਸ ਸੀਟਾਂ ਖਾਲੀ ਹਨ, ਚਾਹਵਾਨ ਮਾਤਾ ਪਿਤਾ ਬਚਿਆਂ ਨੂੰ ਨਾਲ ਲੈ ਕੇ 2 ਅਪਰੈਲ ਤੋਂ 30 ਅਪਰੈਲ 1993 ਤਕ ਗੁਰਦੁਆਰਾ ਸੀਸ ਗੰਜ ਸਾਹਿਬ ਸਾਹਿਬ, ਚਾਂਦਨੀ ਚੌਕ, ਦਿਲੀ- ਵਿਖੇ ਪੁਜ ਕੇ ਦਾਖਲਾ ਲੈ ਸਕਦੇ ਹਨ।

**ਹਿੰਦੁਸਤਾਨ ਵਿਚ ਚਲ ਰਹੇ ਗੁਰਮਤਿ ਸੰਗੀਤ ਵਿਦਿਆਲਿਆਂ ਨਾਲੋਂ ਵਿਸ਼ੇਸ਼ਤਾਵਾਂ** :– ਜਿਵੇਂ ਕਿ ਇਸ ਸੰਗੀਤ ਵਿਦਿਆਲਯ ਵਿਚ ਚਾਰ ਸਾਲ ਦਾ ਕੋਰਸ ਰਖਿਆ ਤਾਲਾਂ ਦਾ ਸੰਪੂਰਨ ਗਿਆਨ ਕਰਵਾਉਣਾ। ਤਬਲੇ-ਵਾਜੇ ਤੋਂ ਇਲਾਵਾ ਤੰਤੀ ਸਾਜਾਂ ਅਤੇ ਮਿਰਦੰਗ ਨਾਲ ਕੀਰਤਨ ਸ਼ੈਲੀ ਨੂੰ ਮੁੜ ਸੁਰਜੀਤ ਕਰਨਾ। ਗੁਰਮਤਿ ਦੀਆਂ ਚੌਕੀਆਂ, ਸੰਸਕਾਰਾਂ ਤੋਂ ਇਲਾਵਾ ਪ੍ਰਾਚੀਨ ਕਲਾ ਕੇਂਦਰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਪੰਜ ਸਾਲਾ ਕੋਰਸ ਲਈ ਤਿਆਰੀ ਕਰਵਾ ਕੇ ਇਮਤਿਹਾਨ ਦਿਵਾ ਕੇ ਪਾਸ ਕਰਵਾਣਾ। ਹਰ ਸਾਲ ਨਵੀਂ ਕਲਾਸ ਦੇ ਬਚੇ ਭਰਤੀ ਕਰਨੇ। ਕਲਾਸ ਦਰ ਕਲਾਸ I, II, III, IV ਈਅਰ ਦੀਆਂ ਕਲਾਸਾਂ ਦੇ ਹਰ ਸਾਲ ਇਮਤਿਹਾਨ ਲੈਣੇ। ਖਾਸ ਗਲ ਇਹ ਹੈ ਕਿ ਸੰਸਥਾ ਦੇ ਸੰਚਾਲਕ ਬਾਬਾ ਜੀ ਤਬਲਾ-ਸੰਗੀਤ ਅਤੇ ਗੁਰਮਤਿ ਦੇ ਪ੍ਰਚੰਡ ਵਿਦਵਾਨ ਹਨ।

**ਬਾਬਾ ਜੀ ਦੀ ਸੰਗੀਤ ਸੰਬੰਧੀ ਜਾਣਕਾਰੀ**:- ਬਾਬਾ ਜੀ ਦੀ ਮੁਢਲੀ ਸੰਗੀਤਕ ਅਤੇ ਧਾਰਮਿਕ ਸ਼ਿਖਸ਼ਾ ਉਨ੍ਹਾਂ ਨੂੰ ਆਪਣੇ ਘਰ ਵਿਚੋਂ ਹੀ ਵਿਰਸੇ ਵਿਚ ਮਿਲੀ ਹੈ। ਆਪ ਜੀ ਦੇ ਦਾਦਾ ਗਿਆਨੀ ਤੇਜਾ ਸਿੰਘ ਜੀ ਪੰਧੇਰ ਕਲਾਂ-ਪੂਰਨ ਨਿਤਨੇਮੀ, ਪੂਰਨ ਗੁਰਸਿਖ, ਪੰਥਕ ਹਿਤੈਸ਼ੀ,ਸੁਚਜੇ ਜੀਵਨ ਵਾਲੇ ਅਤੇ ਇਕ ਮਹਾਨ ਢਾਡੀ ਹੋ ਗੁਜਰੇ ਹਨ। ਆਪ ਦੇ ਪਿਤਾ ਜਥੇਦਾਰ ਰਤਨ ਸਿੰਘ ਜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੰਗੇ ਪ੍ਰਚਾਰਕ ਅਤੇ ਵਧੀਆ ਸੁਰੰਗੀ ਮਾਸਟਰ ਹਨ। ਆਪ ਜੀ ਦੇ ਚਾਚਾ ਪ੍ਰਿੰਸੀਪਲ ਭਾਈ ਬਲਦੇਵ ਸਿੰਘ ਜੀ ਚੰਗੇ ਸੰਗੀਤਕਾਰ ਅਤੇ ਸੁਪ੍ਰਸਿਧ ਕੀਰਤਨੀਏ ਹਨ। ਉਹਨਾਂ ਨਾਲ ਬਾਬਾ ਜੀ ਕਈ ਸਾਲ ਕੀਰਤਨ ਕਰਵਾਉਂਦੇ ਰਹੇ ਹਨ ਅਤੇ ਤਬਲੇ ਤੇ ਸੁਚਜੀ ਸੰਗਤ ਕਰਦੇ ਰਹੇ ਹਨ। ਏਸੇ ਕਰਕੇ ਬਾਬਾ ਜੀ ਦੀ ਗਾਇਨ ਸ਼ੈਲੀ ਉਹਨਾਂ ਨਾਲ ਕਾਫੀ ਮਿਲਦੀ ਜੁਲਦੀ ਹੈ। ਬਾਬਾ ਜੀ ਸ੍ਰੀ ਗੁਰੂ ਅਰਜਨ ਦੇਵ ਖਾਲਸਾ ਹਾਇਰ ਸੈਕੰਡਰੀ ਸਕੂਲ ਦੀ ਸੰਗੀਤ ਪਾਰਟੀ ਦੇ ਪ੍ਰਮੁਖ ਮੈਂਬਰ ਬਣੇ ਰਹੇ।ਆਪ ਦੇ ਸਮੇਂ ਸਕੂਲ ਦੀ ਸੰਗੀਤ ਪਾਰਟੀ ਹਮੇਸ਼ਾਂ ਜੇਤੂ ਰਹੀ। ਆਪ ਨੇ ਆਪਣੇ ਬਾਬਾ ਜੀ ਦੀ ਪ੍ਰੇਰਨਾ ਸਦਕਾ ਚੀਫ਼ ਖਾਲਸਾ ਦੀਵਾਨ ਵਲੋਂ ਤਰਨ ਤਾਰਨ ਵਿਦਿਆਲਯ ਵਿਖੇ ਦੋ ਸਾਲ ਦਾ ਕੋਰਸ ਮਾਸਟਰ ਰਤਨ ਸਿੰਘ ਜੀ ਪਾਸੋਂ ਪਾਸ ਕੀਤਾ। ਪ੍ਰਾਚੀਨ ਕਲਾ ਕੇਂਦਰ,ਚੰਡੀਗੜ੍ਹ ਦਾ ਸੰਗੀਤ ਵਿਸ਼ਾਰਦ,ਤਬਲਾ ਵਿਚ ਪਾਸ ਕੀਤਾ ਅਤੇ ਸੰਗੀਤ ਵਿਸ਼ਾਰਦ (Vocale) ਵੀ ਫਸਟ ਡਵੀਜ਼ਨ ਵਿਚ ਪਾਸ ਕੀਤਾ ਹੋਇਆ ਹੈ।

ਡਿਗਰੀਆਂ ਤੋਂ ਇਲਾਵਾ ਤਬਲੇ ਦੀ ਤਾਲੀਮ ਉਸਤਾਦ ਸ: ਮਨਿੰਦਰ ਸਿੰਘ ਪੈਡਰੋ, ਉਸਤਾਦ ਸ: ਕ੍ਰਿਪਾਲ ਸਿੰਘ ਜੀ ਪਟਿਆਲੇ ਵਾਲਿਆਂ ਅਤੇ ਉਸਤਾਦ ਪ੍ਰੋ: ਸਾਧੂ ਸਿੰਘ ਜੀ ਦੀ ਗਠਾ ਬੰਨ੍ਹ ਸ਼ਗਿਰਦੀ ਕਬੂਲ ਕੀਤੀ। ਗਾਇਨ (Vocal) ਵਿਚ ਡਿਗਰੀਆਂ ਤੋਂ ਇਲਾਵਾ ਉਸਤਾਦ ਗਿਆਨੀ ਸੰਤਾ ਸਿੰਘ ਜੀ ਕੰਵਲ, ਸੰਤ ਲਛਮਣ ਸਿੰਘ ਜੀ ਗੰਧਰਬ ਆਗਮਗੀਰ,ਮਹਾਨ ਸੰਗੀਤਕਾਰ ਗਿਆਨ ਸਿੰਘ ਜੀ ਅਲਮਸਤ ਸਾਹਿਬ ਜੀ ਦੀ ਤਾਲੀਮ ਤੋਂ ਇਲਾਵਾ ਆਪ ਮਹਾਨ ਮਿਊਜ਼ਿਕ ਡਾਇਰੈਕਟਰ ਉਸਤਾਦ ਜਸਵੰਤ ਸਿੰਘ ਜੀ ਭੰਵਰਾ ਦੇ ਗਠਾ ਬੰਨ੍ਹ ਸ਼ਗਿਰਦ ਹਨ। ਬਾਬਾ ਜੀ ਨੇ ਚਾਰ ਅਜੂਕੇਸ਼ਨ ਕਾਲਜਾਂ ਵਿਚ ਮਹਾਨ ਸੰਗੀਤ ਡਿਪਾਰਟਮੈਂਟ ਵਿਚ ਇਨਸਟ੍ਰਕਟਰ ਦੀ ਸਰਵਿਸ ਕਰਕੇ ਛਡ ਦਿਤੀ ਜਿਵੇਂ ਕਿ ਡੀ.ਏ.ਵੀ. ਕਾਲਜ ਫਾਰ ਵੂਮੈਨ ਅੰਮ੍ਰਿਤਸਰ, ਮੌਡਰਨ ਕਾਲਜ ਫਾਰ ਵੂਮੈਨ ਅੰਮ੍ਰਿਤਸਰ, ਖਾਲਸਾ ਕਾਲਜ ਫਾਰ ਵੂਮੈਨ ਘਮਾਰ ਮੰਡੀ ਲੁਧਿਆਣਾ,ਗੁਰੂ ਨਾਨਕ ਕਾਲਜ ਫਾਰ ਵੂਮੈਨ ਮਾਡਲ ਟਾਉਨ,ਲੁਧਿਆਣਾ ਪੰਜਾਬ।ਆਪ ਜੀ ਨੇ ਭਾਈ ਸ਼ੇਰ ਸਿੰਘ ਕੋਕਰੀ ਵਾਲਿਆਂ ਅਤੇ ਪ੍ਰੋ: ਸਵਰਨ ਸਿੰਘ ਜੀ ਨਾਲ ਹਰਿਮੰਦਰ ਸਾਹਿਬ ,ਅੰਮ੍ਰਿਤਸਰ ਅਤੇ ਸੁਪ੍ਰਸਿਧ ਕੀਰਤਨੀਏ ਭਾਈ ਬਖਸ਼ੀਸ਼ ਸਿੰਘ ਜੀ ਅਤੇ ਭਾਈ ਬਲਦੇਵ ਸਿੰਘ ਨਾਲ ਦੂਖ ਨਿਵਾਰਨ ਪਟਿਆਲੇ ਵਿਖੇ ਸੇਵਾ ਨਿਭਾ ਕੇ ਤਿਆਗ ਪਤਰ ਦੇ ਦਿਤਾ।

**ਫਿਰ ਆਪਣਾ ਰਾਗੀ ਜਥਾ ਬਣਾਕੇ ਕੀਰਤਨ ਦੀ ਸੇਵਾ ਆਰੰਭ ਕੀਤੀ:-**
ਗੁਰਦੁਆਰਾ ਸਿੰਘ ਸਭਾ, ਨਿਊ ਮਾਡਲ ਟਾਊਨ, ਲੁਧਿਆਣਾ, ਗੁਰਦੁਆਰਾ ਗਊ ਘਾਟ (ਪਾ: ੧) ਲੁਧਿਆਣਾ, ਗੁਰਦੁਆਰਾ ਸਿੰਘ ਸਭਾ ਸਾਹਿਬਜ਼ਾਦਾ ਫਤਹਿ ਸਿੰਘ ਨਗਰ (ਕੁਆਟੀਆਂ ਮੁਹਲਾ) ਲੁਧਿਆਣਾ, ਗੁਰਦੁਆਰਾ ਸਮਾਧ ਭਾਈ ਗੱਜਣ ਸਿੰਘ ਜੀ ਲੁਧਿਆਣਾ, ਦਸਮੇਸ਼ ਦਰਬਾਰ ਕੋਲੀਵਾੜਾ ਬੌਂਬੇ, ਗੁਰਦੁਆਰਾ ਗੁਰੂ ਨਾਨਕ ਦਰਬਾਰ, ਪੋਦਾਰ ਪਾਰਕ, ਮਲ੍ਹਾੜ, ਬੌਂਬੇ, ਗੁਰਦੁਆਰਾ ਕਾਮਟੀ ਰੋਡ ਰਾਮਗੜੀਆ, ਨਾਗਪੁਰ, ਗੁਰਦੁਆਰਾ ਮੰਜੀ ਸਾਹਿਬ ਕਰਨਾਲ, ਗੁਰਦੁਆਰਾ ਮੰਜੀ ਸਾਹਿਬ ਅੰਬਾਲਾ, ਗੁਰਦੁਆਰਾ ਸਿੰਘ ਸਭਾ, ਗਾਂਧੀ ਨਗਰ ਦਿਲੀ, ਯਤੀਮਖਾਨਾ ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ ਅਤੇ ਸਚਖੰਡ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਜੈਸੀਆਂ ਮਹਾਨ ਸੰਸਥਾਂਵਾਂ ਤੋਂ ਇਲਾਵਾ ਅੱਜਕਲ੍ਹ ਗੁਰਦੁਆਰਾ ਸੀਸ ਗੰਜ ਸਾਹਿਬ, ਦਿਲੀ ਵਿਖੇ ਤਿੰਨ ਸਾਲ ਤੋਂ ਮਤਿਵਾਤਰ ਸੇਵਾ ਕਰ ਰਹੇ ਹਨ। ਆਪ ਜੀ ਪਾਸੋਂ ਸਿਖੇ ਹੋਏ ਵਿਦਿਆਰਥੀ ਵਿਦੇਸ਼ਾਂ ਵਿਚ ਅਤੇ ਸ੍ਰੀ ਦਰਬਾਰ ਸ਼ਾਹਿਬ ਅੰਮ੍ਰਿਤਸਰ, ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਅਤੇ ਸਿੰਘ ਸਭਾਵਾਂ ਵਿਚ ਕੀਰਤਨ ਦੀ ਸੇਵਾ ਕਰ ਰਹੇ ਹਨ। ਸੰਗੀਤ ਪ੍ਰੇਮੀਆਂ ਨੂੰ ਚਾਹੀਦਾ ਹੈ ਕਿ ਵਧ ਤੋਂ ਵਧ ਕੀਰਤਨ ਸਿਖ ਕੇ ਲਾਭ ਪ੍ਰਾਪਤ ਕਰਨ ਜੀ।

# ਗੁਰਬਾਣੀ ਸੰਗੀਤ ਦੀ ਮਾਨਤਾ ਸਰੂਪ ਤੇ ਵਿਕਾਸ

**ਡਾ. ਦਰਸ਼ਨ ਸਿੰਘ ਨਰੂਲਾ**
**ਮੁਖੀ — ਸੰਗੀਤ ਵਿਭਾਗ,**
**ਡੀ. ਏ. ਵੀ. ਕਾਲਿਜ, ਮਲੋਟ (ਪੰਜਾਬ)**

ਭਾਸ਼ਾਵਾਦ, ਪ੍ਰਾਂਤਵਾਦ ਤੇ ਫਿਰਕੂ ਦੰਗਿਆਂ ਦੇ ਕਾਰਣ ਭਾਰਤੀ ਲੋਕਾਂ ਦੀ ਮਾਨਸਿਕਤਾ ਬੁਰੀ ਤਰ੍ਹਾਂ ਜ਼ਖਮੀ ਹੋਈ ਹੈ। ਇਸੇ ਕਰਕੇ ਏਕਤਾ ਤੇ ਅਖੰਡਤਾ, ਲੀਰੋ-ਲੀਰ ਹੋਈ ਪਈ ਹੈ। ਵਰਤਮਾਨ ਹਾਲਾਤ ਵਿਚ ਭਾਰਤੀ ਲੋਕਾਂ ਨੂੰ ਆਪਸ ਵਿੱਚ ਜੋੜਨ ਦੀ ਲੋੜ ਵਧੇਰੇ ਭਾਸਦੀ ਹੈ ਅਤੇ ਇਹ ਲੋੜ ਕੇਵਲ-ਆਦਿ ਗ੍ਰੰਥ (ਗੁਰੂ ਗ੍ਰੰਥ ਸਾਹਿਬ) ਹੀ ਪੂਰੀ ਕਰ ਸਕਦਾ ਹੈ। ਸੰਗੀਤ ਲੋਕਾਂ ਨੂੰ ਜੋੜਦਾ ਹੈ, ਤੋੜਦਾ ਨਹੀਂ। ਗੁਰੂ ਗ੍ਰੰਥ ਸਾਹਿਬ ਵਿਚ ਵੱਖ-ਵੱਖ ਧਰਮਾਂ, ਵੱਖ-ਵੱਖ ਭਾਸ਼ਾਵਾਂ, ਅਤੇ ਭਿੰਨ-ਭਿੰਨ ਪ੍ਰਾਂਤਾਂ ਦੇ ਲੋਕਪ੍ਰਿਆ ਸੰਤ ਸੰਗੀਤਕਾਰਾਂ ਦੀ ਰਾਗ-ਬੱਧ ਬਾਣੀ ਸੰਕਲਿਤ ਹੈ। ਏਕਤਾ ਤੇ ਅਖੰਡਤਾ ਦੀ, ਇਸ ਤੋਂ ਵਧੀਆ ਮਿਸਾਲ, ਕਿਸੇ ਵੀ ਧਰਮ ਜਾਂ ਦੇਸ਼ ਦੇ ਧਾਰਮਿਕ ਗ੍ਰੰਥ ਵਿੱਚੋਂ ਨਹੀਂ ਮਿਲਦੀ। ਇਹੀ ਕਾਰਣ ਹੈ ਕਿ ਇਸ ਨੂੰ ਮੱਥਾ ਟੇਕਣ ਵੇਲੇ ਕਿਸੇ ਦੇ ਮਨ ਵਿੱਚ ਮਜ਼ਹਬ, ਭਾਸ਼ਾ ਜਾ ਇਲਾਕੇ ਦਾ ਖਿਆਲ ਤਕ ਪੈਦਾ ਨਹੀਂ ਹੁੰਦਾ। ਗੁਰਬਾਣੀ ਵਿਚਲੇ ਸਿਰਲੇਖ ਸੰਗੀਤਕ (ਰਾਗਾਂ ਅਨੁਸਾਰ) ਹਨ ਅਤੇ ਸੰਪਾਦਨ ਵੀ। ਸੰਸਾਰ ਨੂੰ ਅੰਤਰ ਰਾਸ਼ਟਰੀ ਭਰਾਤਰੀ ਭਾਵ ਦਾ ਸੁਨੇਹਾ ਦੇਂਦਾ ਹੈ। ਇਸ ਲਈ ਦੇਸ਼ ਦੀ ਏਕਤਾ ਅਤੇ ਅਖੰਡਤਾ ਦਾ ਇਕੋ ਇਕ ਰਾਹ ਗੁਰਬਾਣੀ ਸੰਗੀਤ (ਆਦਿ ਗ੍ਰੰਥ ) ਹੈ। ਬੰਗਾਲੀ ਲੋਕਾਂ ਨੇ ਪਿਛਲੇ ਸਾਲਾਂ ਵਿਚ ਹੀ ਰਾਬਿੰਦਰਾ -ਸੰਗੀਤ (ਟੈਗੋਰ ਮਿਉਜ਼ਿਕ) ਦੀ ਲਘੂ-ਪਰੰਪਰਾ ਨੂੰ ਸਾਰੇ ਪੂਰਬੀ ਭਾਰਤ ਵਿਚ ਸਕੂਲ ਤੋਂ ਯੂਨੀਵਰਸਿਟੀ ਪੱਧਰ ਤੇ ਵਿਦਿਆ ਦਾ ਜ਼ਰੂਰੀ ਅੰਗ ਬਣਾਇਆ ਹੈ ਪਰ ਪੰਜਾਬੀ ਲੋਕਾਂ ਨੇ ਅਜੇ ਤਕ ਪੰਜ ਸੌ ਸਾਲ ਤੋਂ ਵਧੀਕ ਪੁਰਾਣੀ ਅਤੇ ਵਿਸ਼ਾਲ ਸੰਗੀਤ ਪਰੰਪਰਾ ਗੁਰਬਾਣੀ ਸੰਗੀਤ ਨੂੰ, ਉਹ ਸਥਾਨ ਨਹੀਂ ਦਿਲਾਇਆ ਜੋ ਇਸ ਨੂੰ ਕਈ ਦਹਾਕੇ ਪਹਿਲਾਂ ਮਿਲ ਜਾਣਾ ਚਾਹੀਦਾ ਸੀ।

'ਗੁਰਬਾਣੀ ਸੰਗੀਤ ਦੇ ਪ੍ਰਚਾਰ ਹਿਤ' ਡਾ: ਜਤਿੰਦਰ ਸਿੰਘ ਖੰਨਾਂ ਵਿਚਲੇ ਲੇਖ, (ਪੰਜਾਬੀ ਟ੍ਰਿਬਿਉਨ, ਮਿਤੀ 14 ਫਰਵਰੀ, 1993) ਦੇ ਇਨ੍ਹਾਂ ਵਿਚਾਰਾਂ ਨਾਲ ਲੇਖਕ ਸਹਿਮਤ ਨਹੀ ਕਿ ....

"ਸੰਗੀਤ ਦੇ ਸਿੱਧਾਂਤ ਕੀਰਤਨ ਉਤੇ ਹਾਵੀ ਨਹੀਂ ਹੋਣੇ ਚਾਹੀਦੇ। ਜੋਟੀਆਂ ਦੇ ਸ਼ਬਦ-ਕੀਰਤਨ ਸਰਵਣ ਕਰਵਾ ਸਕਣ ਵਾਲੇ ਰਾਗੀ ਜੱਥੇ ਜ਼ਰੂਰ ਤਿਆਰ ਕਰਨੇ ਚਾਹੀਦੇ ਹਨ।"

ਨਿਮਰਤਾ ਸਹਿਤ ਲੇਖਕ ਦੀ ਵਿਚਾਰਧਾਰਾ ਇਹ ਹੈ ਕਿ- ਸੰਗੀਤ ਦੇ ਮੂਲਭੂਤ ਸਿੱਧਾਂਤ-ਸੁਰ, ਤਾਲ, ਰਾਗ, ਅਤੇ ਰਸ ਮੰਨੇ ਗਏ ਹਨ। ਰਾਗ ਵਿਚ ਸੁਰ, ਸੁਰਾਂ ਵਿਚ ਸ਼ਬਦ ਅਤੇ ਸ਼ਬਦਾਂ ਵਿਚ ਭਾਵ ਅਤੇ ਰਸ ਪ੍ਰਧਾਨ ਹੁੰਦਾ ਹੈ ਇਵੇਂ ਹੀ ਤਾਲ ਦੀ ਲੈ ਵਿਚ ਮਾਤ੍ਰਾ, ਮਾਤ੍ਰਾਵਾਂ ਵਿਚ ਸੁਰ ਤੇ ਸ਼ਬਦ ਅਤੇ ਸੰਪੂਰਣ 'ਸ਼ਬਦ ਗਇਕੀ' ਵਿਚ ਰਾਗ-ਭਾਵ ਤੇ ਰਸ ਦੀ ਪ੍ਰਧਾਨਤਾ ਹੁੰਦੀ ਹੈ। ਕੀ ਸੰਗੀਤ-ਸਿੱਧਾਂਤਾਂ ਦੀ ਕਠੋਰ- ਪਾਲਣਾ ਕੀਤੇ ਬਗੈਰ ਗੁਰਬਾਣੀ-ਸੰਗੀਤ ਨੂੰ ਵਿਕਸਤ ਕੀਤਾ ਜਾ ਸਕਦਾ ਹੈ?

ਯਥਾਰਥ ਤਾਂ ਇਹ ਹੈ ਕਿ ਸੰਗੀਤਕ-ਸਿਧਾਂਤਾਂ ਨੂੰ ਨਜ਼ਰ ਅੰਦਾਜ਼ ਕਰਨ ਦੇ ਕਾਰਣ ਹੀ ਸਿੱਖ ਰਾਗੀਆਂ ਵਿਚੋ ਰਾਗ-ਕਲਾ ਅਲੋਪ ਹੋਣ ਲਗ ਪਈ ਸੀ ਅਤੇ ਹੌਲੀ ਹੌਲੀ ਕੱਚੀਆਂ ਧੁਨਾਂ ਤੇ ਬਾਅਦ ਫਿਲਮੀ ਤਰਜ਼ਾਂ ਦੀ ਪ੍ਰਧਾਨਤਾ ਹੋਈ। ਇਸ ਤੋਂ ਪਿਛੇ ਆ ਕੇ, ਵੀ.ਡੀ.ਉ. ਅਤੇ ਟੀ.ਵੀ. ਕਲਚਰ ਦੇ ਪ੍ਰਸਾਰ ਨੇ ਕਮਰਸ਼ੀਅਲ-ਕੀਰਤਨ ਪ੍ਰੰਪਰਾ ਨੂੰ ਜਨਮ ਦਿੱਤਾ। ਇਸ ਲਈ ਲੇਖਕ ਦੀ ਇਹ ਦ੍ਰਿੜ ਧਾਰਣਾ ਹੈ ਕਿ ਸੰਗੀਤਕ ਸਿੱਧਾਂਤਾਂ ਦਾ ਕੱਟਰਤਾ ਨਾਲ ਪਾਲਣ ਕਰਨਾ- ਕਲਾਸੀਕਲ ਕੀਰਤਨ (ਗੁਰਬਾਣੀ ਸੰਗੀਤ) ਦੇ ਵਿਕਾਸ ਲਈ ਜ਼ਰੂਰੀ ਹੈ। ਸ਼ਬਦ ਗਾਇਕਾਂ ਵਿਚ ਕਲਾਤਮਕਤਾ ਦੀ ਭਰਮਾਰ ਨਾ ਹੋਵੇ, ਬਲਕਿ ਭਾਵ ਅਤੇ ਰਸ ਦੀ ਇਕਾਗਰਤਾ ਹੋਵੇ।

ਸੰਗੀਤ-ਸਿੱਧਾਂਤਾਂ ਦੀ ਪਾਲਣਾ ਕਰਨ ਦੇ ਲਈ ਕਠਿਨ-ਸਾਧਨਾ ਤੇ ਅਨੁਸ਼ਾਸਨ ਜ਼ਰੂਰੀ ਹਨ। ਕਲਾਸੀਕਲ ਕੀਰਤਨੀ ਜੱਥੇ ਬਾਕਾਇਦਾ ਸਿਖਲਾਈ ਅਤੇ ਮਿਹਨਤ ਨਾਲ ਤਿਆਰ ਕਰਨੇ ਪੈਂਦੇ ਹਨ, ਕਿਉਂਕਿ ਇਸ ਦੇ ਲਈ 'ਟਕਸਾਲੀ-ਸੰਗੀਤ' ਦੀ ਸਿੱਖਿਆ ਅਤੇ ਸਾਧਨਾ ਜ਼ਰੂਰੀ ਹੈ। ਰਾਗੀ, ਅਤੇ ਰ਼ਬਾਬੀ ਆਪਣੇ ਆਪ ਪੈਦਾ ਨਹੀਂ ਹੁੰਦੇ. ਇਸਤ੍ਰੀ-ਸਤਿਸੰਗ, ਪ੍ਰਭਾਤ-ਫੇਰੀਆਂ ਅਤੇ ਜੋਟੀਆਂ ਵਾਲੇ ਜੱਥਿਆਂ ਦੀ ਸਿਖਲਾਈ, ਨਾ ਪਹਿਲਾਂ ਕਦੇ ਹੋਈ ਹੈ ਅਤੇ ਨਾ ਹੀ ਹੁਣ ਇਸ ਦੀ ਕੋਈ ਲੋੜ ਹੈ। ਇਸ ਸ਼ੈਲੀ ਦੇ ਸਰਲ ਸੁਭਾਵਿਕ ਕੀਰਤਨ ਦੀ ਸਿੱਖਿਆ, ਸਾਧਾਰਣ ਲੋਕ ਗਾਇਕ ਵਾਂਗ ਆਪਣੇ ਚੁਗਿਰਦੇ ਵਿਚੋਂ ਹੀ ਪ੍ਰੰਪਰਾਗਤ ਰੂਪ ਵਿਚ ਹੋ ਜਾਂਦੀ ਹੈ, ਅਤੇ ਹੁੰਦੀ ਰਹੇਗੀ।

ਲਗਭਗ ਦਸ ਵਰ੍ਹੇ ਪਹਿਲਾ ਜਦੋ ਯੂਨੀਵਰਸਿਟੀ ਦੇ ਇਕ ਸੈਮੀਨਾਰ ਵਿਚ ਡਾ: ਗੁਰਨਾਮ ਸਿੰਘ ਅਤੇ ਇਸ ਲੇਖਕ ਵਲੋਂ ਇਕ ਪਰਚੇ ਵਿਚ-ਗੁਰਬਾਣੀ ਸੰਗੀਤ ਨੂੰ ਇਕ ਵੱਖਰੇ ਵਿਸ਼ੇ ਵਜੋਂ ਮਾਨਤਾ ਦੇਣ ਦੀ ਗੱਲ ਕੀਤੀ ਗਈ ਸੀ ਤਾਂ ਕੁਝ ਕੁ ਸਾਹਿਤਕਾਰਾਂ ਤੋ ਇਲਾਵਾ, ਪੰਜਾਬ ਦੇ ਸੰਗੀਤਕਾਰਾਂ ਵਿਚੋ ਕੇਵਲ ਸਵ: ਪ੍ਰੋ. ਤਾਰਾ ਸਿੰਘ ਜੀ ਨੇ ਹਾਮੀ ਭਰੀ ਸੀ, ਬਾਕੀਆਂ ਨੇ ਕਿੰਤੂ-ਪ੍ਰੰਤੂ ਦੀ ਵਾਛੜ ਨਾਲ ਵੱਖਰੇ ਵਿਸ਼ੇ ਦੀ ਸੁਰ ਨੂੰ ਦਬਾ ਦਿੱਤਾ ਸੀ। ਇਹ ਪ੍ਰਸੰਨਤਾ ਦੀ ਗੱਲ ਹੈ ਕਿ ਅੱਜ ਪੰਜਾਬ ਸਕੂਲ ਸਿਖਿਆ ਬੋਰਡ ਵਲੋਂ ਗੁਰਬਾਣੀ ਸੰਗੀਤ ਨੂੰ ਇਕ ਵਿਸ਼ੇ ਵਜੋਂ, ਸੀਨੀਅਰ ਸੈਕੰਡਰੀ ਭਾਗ ਇੱਕ ਅਤੇ ਦੋ ਵਿਚ ਮਾਨਤਾ ਪ੍ਰਾਪਤ ਹੈ। ਇਵੇਂ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਵੀ ਐਮ. ਏ. ਗੁਰਬਾਣੀ ਸੰਗੀਤ ਵਿਸ਼ੇ ਨੂੰ ਮਾਨਤਾ ਦਿਤੀ ਜਾ ਰਹੀ ਹੈ। ਚਲੋ: ਦੇਰ ਆਏ, ਦੁਰਸਤ ਆਏ।

ਗੁਰੂ ਨਾਨਕ ਦੇਵ ਜੀ ਦੀਆਂ ਰਚਨਾਵਾਂ ਰਾਗ (ਸੰਗੀਤ) ਵਿਚ ਨਿੱਬਧ ਹਨ। ਉਨ੍ਹਾਂ ਨੇ ਆਪਣਾ ਸਵੈ ਪਰੀਚੈ ਇਕ ਢਾਡੀ (ਗਾਇਕ) ਦੇ ਰੂਪ ਵਿਚ ਦਿਤਾ ਹੈ। ਸਾਰੀ ਆਯੂ ਇਕ ਖਾਨਦਾਨੀ ਸੰਗੀਤਕਾਰ, ਭਾਈ ਮਰਦਾਨਾ (ਮੀਰਾਸੀ) ਨੂੰ ਆਪਣੇ ਅੰਗ ਸੰਗ ਰਖ ਕੇ ਉਸ ਦੀ ਰਬਾਬ ਦੀਆ ਸੁਰਾਂ ਨਾਲ ਧੁਰ ਕੀ ਬਾਣੀ ਨੂੰ ਗਾਇਆ ਅਤੇ ਗਾਇਨ ਕਰਨ ਦਾ ਆਦੇਸ਼ ਵੀ ਦਿੱਤਾ । ਗੁਰੂ ਨਾਨਕ ਦੇਵ ਜੀ ਵਰਗੇ ਮਹਾਂਨ ਸੰਤ ਸੰਗੀਤਕਾਰ ਦੇ ਨਾਮ ਤੇ ਸਥਾਪਿਤ ਹੋਣ ਵਾਲੀ ਯੂਨੀਵਰਸਿਟੀ (ਅੰਮ੍ਰਿਤਸਰ) ਵਿਚ ਅਜੇ ਤਕ ਇਸ ਨੂੰ ਇਕ ਵਖਰੇ ਵਿਸ਼ੇ ਵਜੋਂ ਲਾਗੂ ਨਹੀਂ ਕੀਤਾ ਗਿਆ । ਇਹ ਅਫਸੋਸਨਾਕ ਗੱਲ ਹੈ।

ਗੁਰਬਾਣੀ ਵਿਚਲੇ ਸੰਗੀਤਕ-ਸੰਕਲਨ- ਪ੍ਰਬੰਧ ਨੂੰ ਉਜਾਗਰ ਕਰਦੇ ਹੋਏ ਕੁਝ ਸੁਝਾ ਰੱਖੇ ਜਾ ਰਹੇ ਹਨ :

1. ਪ੍ਰਤੇਕ ਯੂਨੀਵਰਸਿਟੀ ਵਿਚ ਡਿਵੋਸ਼ਨਲ-ਮਿਉਜ਼ਿਕ ਚੇਅਰ ਨਾਲ ਸਬੰਧਤ ਧਾਰਮਿਕ ਸੰਗੀਤ ਅਧਿਐਨ ਵਿਭਾਗ ਸਥਾਪਿਤ ਕੀਤੇ ਜਾਣ ਜਿਨ੍ਹਾਂ ਵਿਚ ਸਿਖਲਾਈ ਦੇ ਵਿਸ਼ੇਸ਼ ਪ੍ਰਬੰਧ, ਖੋਜ-ਕਰਤਾ ਕਲਾਕਾਰਾਂ ਦੇ ਨਿਰਦੇਸ਼ ਵਿਚ ਕੀਤੇ ਜਾਣ।
2. ਪੰਜਾਬ ਦੀਆ ਸਾਰੀਆ ਯੂਨੀਵਰਸਿਟੀਆਂ ਵਿਚ, ਬੀ.ਏ.ਐਮ.ਏ ਅਤੇ ਪੀ-ਐਚ.ਡੀ. ਗੁਰਬਾਣੀ-ਸੰਗੀਤ ਡਿਗਰੀ ਦੀ ਵਿਵਸਥਾ ਕੀਤੀ ਜਾਵੇ।
3. ਸਰਕਾਰੀ ਤੇ ਗੈਰ ਸਰਕਾਰੀ ਸੰਸਥਾਂਵਾਂ ਵਿਚ ਗੁਰਬਾਣੀ ਸੰਗੀਤ ਨੂੰ ਇਕ ਵਿਸ਼ੇ ਵਜੋਂ ਆਰੰਭ ਕਰਵਾਇਆ ਜਾਵੇ।
4. ਪ੍ਰਬੰਧਕ-ਕਮੇਟੀਆਂ ਵਲੋਂ ਖਾਲਸਾ ਸਕੂਲਾਂ ਤੇ ਖਾਲਸਾ ਕਾਲਜਾਂ ਵਿਚ ਇਸ ਨੂੰ ਇਕ ਜ਼ਰੂਰੀ ਵਿਸ਼ੇ ਵਜੋ ਪੜ੍ਹਾਏ ਜਾਣ ਦੀ ਵਿਵਸਥਾ ਕੀਤੀ ਜਾਵੇ।
5. ਭਾਸ਼ਾ ਵਿਭਾਗ ਪੰਜਾਬ, ਚੀਫ ਖਾਲਸਾ ਦੀਵਾਨ, ਅੰਮ੍ਰਿਤਸਰ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਗੁਰਮਤਿ ਮਿਸ਼ਨਰੀ ਕਾਲਜਾਂ, ਗੁਰਮਤਿ ਵਿਦਿਆਲਿਆਂ ਅਤੇ ਵੱਖ-ਵੱਖ ਟਕਸਾਲਾਂ ਵੱਲੋਂ ਇਸ ਦੀ ਸਿਖਲਾਈ ਦੇ ਉੱਚ ਪੱਧਰ ਦੇ ਪ੍ਰਬੰਧ ਕੀਤੇ ਜਾਣ।
6. ਹਰੇਕ ਪੱਧਰ ਤੇ ਆਡਿਓ, ਵੀਡੀਉ, ਰਾਹੀਂ ਇਸ ਅਮੋਲਕ ਵਿਰਸੇ ਦੀ ਸੁਰੱਖਿਆ ਸੰਭਾਲ ਕੀਤੀ ਜਾਵੇ। ਜਿਵੇਂ ਸਤਿਕਾਰਤ ਸੰਤ ਸੁੱਚਾ ਸਿੰਘ ਜੀ, ਜਵੱਦੀਕਲਾਂ (ਲੁਧਿਆਣਾ) ਵੱਲੋ- ਅੱਦੁਤੀ ਗੁਰਮਤਿ ਸੰਗੀਤ ਸੰਮੇਲਨ-1992 ਅਤੇ 1993 ਦੇ ਵਿਸ਼ਾਲ ਸੰਗਤਾਂ ਦੇ ਇੱਕਠ ਵਿੱਚ ਕੀਤੀ ਗਈ। ਇਸ ਪ੍ਰਕਾਰ ਦੇ ਯਤਨ ਹੋਰਨਾਂ ਸੰਸਥਾਵਾਂ ਵਲੋਂ ਵੀ ਕੀਤੇ ਜਾਣੇ ਚਾਹੀਦੇ ਹਨ।

# ਗੁਰੂ ਕਾਵਿ ਵਿੱਚ ਅਨੁਭਵ ਅਤੇ ਸੰਗੀਤ ਦਾ ਸੰਬੰਧ

ਡਾ. ਜਾਗੀਰ ਸਿੰਘ

**ਅਪ੍ਰੈਲ, 1993 ਅੰਕ ਤੋਂ ਅੱਗੇ**

**ਰਾਗ ਕਾਨੜਾ:-**

ਇਸ ਰਾਗ ਦੀ ਬਾਣੀ ਵਿੱਚ ਮਿਲਾਪ ਦੀ ਖੁਸ਼ੀ ਵਾਲੇ ਭਾਵ ਪ੍ਰਗਟ ਹੋਏ ਹਨ-

ਮੇਰਾ ਮਨੁ ਸਾਧ ਜਨਾਂ ਮਿਲਿ ਹਰਿਆ।

ਹਉ ਬਲਿ ਬਿਲਿ ਬਲਿ ਬਲਿ ਸਾਧ ਜਨਾਂ ਕਉ
ਮਿਲਿ ਸੰਗਤਿ ਪਾਰਿ ਉਤਰਿਆ।

ਹਰਿ ਕੈ ਸੰਤ ਮਿਲਿ ਪ੍ਰੀਤਿ ਲਗਾਨੀ ਵਿਚੇ ਗਿਰਹ ਉਦਾਸ।।

ਇਸ ਰਾਗ ਦੀ ਬਾਣੀ ਵਿੱਚ ਜਿਥੇ ਖੁਸ਼ੀ ਦੇ ਅਤੇ ਨਾਮ ਜਪਣ ਵਾਲੇ ਭਾਵ ਪ੍ਰਗਟ ਹੋਏ ਹਨ ਉਥੇ ਇਸ ਰਾਗ ਦਾ ਸੁਰ-ਸੰਧਰਭ ਅਤੇ ਪਰੰਪਰਾਗਤ ਭਾਵ ਵੀਰ ਰਸੀ ਹੈ। ਸੰਗੀਤ ਗ੍ਰੰਥਾਂ ਵਿੱਚ ਇਸਦਾ ਚਿਤਰਣ ਵੀਰਤਾ ਭਾਵ ਨਾਲ ਸੰਬੰਧਤ ਕਰਕੇ ਕੀਤਾ ਹੈ।

ਇਸ ਤਰ੍ਹਾਂ ਇਸ ਰਾਗ ਨੂੰ ਗੁਰੂ ਜੀ ਨੇ ਪੰਰਪਰਾਗਤ ਭਾਵਾਂ ਤੋਂ ਨਿਖੇੜ ਕੇ ਆਪਣੇ ਨਿਜੀਂ ਭਾਵਾਂ ਅਨੁਸਾਰ ਪ੍ਰਯੋਗ ਕੀਤਾ ਹੈ।

**ਕਲਿਆਨ:-**

ਇਸ ਰਾਗ ਵਿੱਚ ਵੀ ਗੁਰੂ ਕਵੀਆਂ ਨੇ ਰਾਗ ਦੀ ਪ੍ਰਕ੍ਰਿਤੀ ਤੋਂ ਨਿਵੈਕਲੈ ਭਾਵ ਉਜਾਗਰ ਕੀਤੇ ਹਨ।

ਪ੍ਰਭੂ ਉਸਤਤ ਕਰਨ ਸਮੇਂ ਉਸ ਨੂੰ ਪਿਤਾ ਦੇ ਰੂਪ ਵਿੱਚ ਚਿਤਵਿਆ ਹੈ-

ਹਰ ਬਾਰਿਕ ਪ੍ਰਤਿਪਾਰੈ ਤੁਮਰੇ ਤੂ ਬਡ ਪੁਰਖੁ ਪਿਤਾ ਮੇਰਾ ਮਾਇਆ।

ਹਰੀ ਦੇ ਗੁਣ ਗਾਉਣ ਦੀ ਮਹਿਮਾ ਦਾ ਵਰਣਨ ਭਾਵ ਪੂਰਤ ਢੰਗ ਨਾਲ ਕੀਤਾ ਗਿਆ ਹੈ-

ਹਰਿ ਜਨੁ ਗੁਨ ਗਾਵਤ ਹਸਿਆ।

ਮੇਰੇ ਮਨ ਜਪਿ ਹਰਿ ਗੁਨ ਅਕਥ ਸੁਨਥਈ।

ਗੁਰੂ ਕਵੀਆਂ ਨੇ ਇਸ ਰਾਗ ਰਾਹੀਂ ਇਸ ਰਾਗ ਦੇ ਸੁਰ ਸੰਧਰਭੀ ਭਾਵਾਂ ਨਾਲ ਸੰਬੰਧਤ ਭਾਵ ਪ੍ਰਗਟ ਕਰਨ ਤੋਂ ਗੁਰੇਜ਼ ਕੀਤਾ ਹੈ। ਇਸ ਵਿੱਚ ਰਿਸ਼ਭ ਅਤੇ ਧੈਵਤ ਸੁਰ ਸੁਧ ਰੂਪ ਵਿੱਚ ਲਗਦੇ ਹਨ। ਇਸ ਲਈ ਇਹ ਸ਼ਿੰਗਾਰ ਭਾਵ ਪ੍ਰਗਟ ਕਰਨ ਵਿੱਚ ਸਹਾਈ ਹੁੰਦਾ ਹੈ। ਪਰ ਗੁਰੂ ਸਾਹਿਬਾਨ ਨੇ ਸ਼ਿੰਗਾਰ ਦੇ ਭਾਵ ਨਹੀਂ ਪ੍ਰਗਟਾਏ। ਉਂਜ ਕਈ ਵਿਦਵਾਨਾਂ ਅਨੁਸਾਰ ਇਹ ਗੰਭੀਰ ਪ੍ਰਕ੍ਰਿਤੀ ਦਾ ਅਤੇ ਸ਼ਾਂਤ ਰਸ ਪ੍ਰਧਾਨ ਰਾਗ ਹੈ।

ਗੁਰੂ ਸਾਹਿਬ ਇਸ ਰਾਗ ਦੇ ਨਾਮ ਦੇ ਸ਼ਾਬਦਿਕ ਅਰਥਾਂ ਤੋਂ ਚੇਤੰਨ ਸਨ ਇਸ ਲਈ 'ਕਲਿਆਨਾ' ਸ਼ਬਦ ਦਾ ਪ੍ਰਯੋਗ ਇਸ ਬਾਣੀ ਵਿੱਚ ਹੋਇਆ ਲਗਦਾ ਹੈ-

ਮਨਿ ਤਨਿ ਜਾਪੀਐ ਭਗਵਾਨ।

ਗੁਰ ਪੂਰੇ ਸੁਪ੍ਰਸੰਨ ਭਏ ਸਦਾ ਸੂਖ ਕਲਿਆਨਾ।

ਸਰਬ ਸੂਖ ਆਨੰਦ ਨਾਨਕ ਜਪਿ ਰਾਮ ਨਾਮੁ ਕਲਿਆਣਾ।

ਇਸ ਤਰ੍ਹਾਂ ਇਸ ਰਾਗ ਰਾਹੀ ਗੁਰੂ ਕਵੀਆਂ ਨੇ ਆਪਣੇ ਭਾਵ ਇੰਨ ਬਿੰਨ ਰਾਗ ਦੇ ਅਨੁਕੂਲ ਨਹੀਂ ਪ੍ਰਗਟ ਕੀਤੇ ਸਗੋਂ ਆਪਣੇ ਵਿਸ਼ੇਸ਼ ਭਾਵਾਂ ਲਈ ਇਸ ਰਾਗ ਨੂੰ ਪ੍ਰਯੋਗ ਕੀਤਾ ਹੈ।

**ਰਾਗ ਪ੍ਰਭਾਤੀ:-**

ਇਸ ਰਾਗ ਦੀ ਬਾਣੀ ਵਿੱਚ ਪ੍ਰਭਾਤ ਨਾਲ ਆਉਣ ਵਾਲੇ ਪ੍ਰਕਾਸ਼ ਦਾ ਵਰਨਣ ਹੈ। ਮਾਇਆ ਤੇ ਪਾਖੰਡ ਅਧਿਕਾਰ ਹੈ, ਨਾਮ ਪਰਗਾਸ ਹੈ। ਇਸ ਲਈ ਨਾਮ ਦੀ ਮਹਿਮਾ ਦਾ ਵਰਨਣ ਬਹੁਤ ਹੋਇਆ ਹੈ।

ਜਿਥੇ ਸੁਰਤ ਵਿੱਚ ਤੇਰੇ ਨਾਮ ਰੂਪੀ ਬਖਸ਼ਸ਼ ਹੋਈ ਹੈ। ਉਥੇ ਚਾਨਣ ਹੈ।

ਇਸ ਰਾਗ ਵਿੱਚ ਮਧਮ ਵਾਦੀ ਸੁਰ ਹੈ। ਇਸ ਲਈ ਸ਼ਾਸਤਰਾਂ ਦੇ ਸਿਧਾਂਤ ਅਨੁਸਾਰ ਇਹ ਰਾਗ ਸੰਜੋਗ ਸ਼ਿੰਗਾਰ ਦੇ ਭਾਵਾਂ ਨੂੰ ਪਰਗਟ ਕਰਨ ਵਿੱਚ ਸਹਾਇਕ ਹੁੰਦਾ ਹੈ। ਖਰ ਇਸ ਰਾਗ ਦੀ ਬਾਣੀ ਵਿੱਚ ਅਜਿਹੇ ਭਾਵ ਪੇਸ਼ ਨਹੀਂ ਹੋਏ। ਉਂਜ ਇਸ ਰਾਗ ਵਿੱਚ ਆਈ ਬਾਣੀ ਤੋਂ ਕਈ ਸੰਕੇਤ ਮਿਲਦੇ ਹਨ ਜਿਹਨਾਂ ਤੋਂ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਇਸ ਰਾਗ ਦੇ ਗਾਇਨ ਸਮੇਂ ਤੋਂ ਸੁਚੇਤ ਸਨ ਇਸ ਲਈ ਉਹਨਾਂ ਨੇ ਆਦੇਸ਼ ਦਿੱਤਾ ਹੈ ਕਿ ਸਵੇਰ ਵੇਲੇ ਗੁਰਬਾਣੀ ਦੁਆਰਾ ਹਰੀ ਨਾਮ ਸਿਮਰਨਾ ਚਾਹੀਦਾ ਹੈ।

ਜਾਗਤ ਬਿਗਸੈ ਮੂਨੋ ਅੰਧਾ॥

ਜਾਗਸਿ ਜੀਵਣ ਜਗਣਹਾਰਾ।

ਅਨਦਿਨੁ ਜਾਗੈ ਸਚਿ ਲਿਵ ਲਾਵੈ।

ਭੈ ਭਾਇ ਜਾਗੇ ਸੇ ਜਨ ਜਾਗ੍ਰਣ ਕਰਹਿ ਹਉਮੈ ਮੈਲੁ ਉਤਾਰਿ।

ਸਦਾ ਜਾਗਹਿ ਘਰੁ ਆਪਣਾ ਰਾਖਹਿ ਪੰਚ ਤਸਕਰ ਕਾਢਹਿ ਮਾਹਿ।

ਹਉਮੈ ਵਿਚਿ ਜਾਗ੍ਰਣੁ ਨ ਹੋਵਈ ਹਰਿ ਭਗਤਿ ਨ ਪਵਈ ਥਾਇ।

ਪ੍ਰਭਾਤੀ ਰਾਗ ਵਿੱਚ ਜਾਗਣ ਦਾ ਉਪਦੇਸ਼ ਅਤੇ ਨਾਮ ਦੀ ਵਡਿਆਈ ਕਰਦਿਆਂ ਇਸ ਨੂੰ ਚਾਨਣ ਪ੍ਰਦਾਨ ਕਰਨ ਵਾਲਾ ਦਸਿਆ ਹੈ-

ਨਾਮੁ ਜਪਤ ਹੋਆ ਪਰਗਾਸੁ

ਚਾਨਣ, ਪਰਗਾਸ ਆਦਿ ਦੇ ਭਾਵ ਇਸ ਰਾਗ ਵਿੱਚ ਹੋਰ ਢੁਕਵੇਂ ਲਗਦੇ ਹਨ ਜਦੋਂ ਅਸੀ ਵੇਖਦੇ ਹਾਂ ਕਿ ਰਾਗ ਪਰਭਾਤੀ ਦੇ ਨਾਲ ਬਿਭਾਸ ਦਾ ਵੀ ਪ੍ਰਯੋਗ ਹੋਇਆ ਹੈ। ਬਿਭਾਸ਼ ਦਾ ਸ਼ਾਬਦਿਕ ਅਰਥ ਚਾਨਣਾ ਹੈ ਅਤੇ ਇਸ ਰਾਗ ਦਾ ਗਾਇਨ ਸਮਾਂ ਵੀ ਸਵੇਰ ਦਾ ਹੈ।

ਇਸ ਤਰ੍ਹਾਂ ਇਸ ਰਾਗ ਦੀ ਬਾਣੀ ਦਾ ਭਾਵ ਅਤੇ ਇਸ ਲਈ ਪ੍ਰਯੋਗ ਕੀਤਾ ਰਾਗ ਪ੍ਰਭਾਤੀ ਬਿਭਾਸ ਦੋਵੇਂ ਇੱਕ ਦੂਜੇ ਦੇ ਪੂਰਕ ਹੋ ਨਿਬੜਦੇ ਹਨ।

**ਰਾਗ ਜੇਜਾਵੰਤੀ:-**

ਰਾਗ ਜੇਜੰਾਵੰਤੀ ਵਿੱਚ ਕੇਵਲ ਗੁਰੂ ਤੇਗ ਬਹਾਦਰ ਜੀ ਦੇ ਚਾਰ ਪਦੈ ਦਰਜ ਹਨ। ਇਹਨਾਂ ਵਿੱਚ ਰਾਮ ਸਿਮਰਨ ਦਾ ਉਪਦੇਸ਼ ਦਿੱਤਾ ਗਿਆ ਹੈ। ਮੱਨੁਖ ਦੀ ਅਲਪ ਆਰਜਾ ਅਤੇ ਜਗਤ ਦੀ ਅਸੁਥਿਰਤਾ ਦੀ ਗੱਲ ਮੁੱਖ ਰੂਪ ਵਿੱਚ ਪੇਸ਼ ਹੋਈ ਹੈ।

ਕਈ ਵਿਦਵਾਨਾਂ ਨੇ ਇਸ ਰਾਗ ਨੂੰ ਖੁਸ਼ੀ ਦੇ ਭਾਵਾਂ ਨਾਲ ਸੰਬੰਧਤ ਕੀਤਾ ਹੈ। ਪਰ ਗੁਰੂ ਤੇਗ ਬਾਹਾਦਰ ਜੀ ਨੇ ਇਸ ਰਾਗ ਵਿੱਚ ਰਚੀ ਬਾਣੀ ਵਿੱਚ ਖੁਸ਼ੀ ਦੇ ਭਾਵ ਨਹੀਂ ਪ੍ਰਗਟਾਏ ਸਗੋਂ ਮਨੁੱਖੀ ਜੀਵਨ ਦੇ ਗੰਭੀਰ ਭਾਵਾਂ ਨੂੰ ਪੇਸ਼ ਕੀਤਾ ਹੈ। ਇਸ ਲਈ ਇਹ ਕਹਿਣਾ ਠੀਕ ਹੇ ਕਿ ਗੁਰੂ ਜੀ ਨੇ ਇਸ ਰਾਗ ਨੂੰ ਸ਼ਾਸਤਰ ਦੀ ਸੀਮਾ ਵਿੱਚੋਂ ਕੱਢ ਕੇ ਕੁਝ ਹੋਰ ਵਿਸ਼ੇਸ਼ ਭਾਵਾਂ ਨੂੰ ਪ੍ਰਗਟ ਕਰਨ ਦੇ ਸਮਰਥ ਬਣਾਇਆ ਹੈ।

ਇਸ ਤਰ੍ਹਾਂ ਗੁਰੂ ਸਾਹਿਬਾਨ ਦੀ ਬਾਣੀ ਵਿੱਚ ਜਿਥੇ ਕੁਝ ਰਾਗਾਂ ਦਾ ਸ਼ਾਸ਼ਤਰੀ ਪੱਧਤੀ ਅਨੁਸਾਰ ਦੱਸੇ ਗਏ ਸਿਧਾਤਾਂ ਅਨੁਸਾਰ ਭਾਵ ਅਤੇ ਰਾਗ ਦਾ ਸੰਜੋਗ ਹੋਇਆ ਹੈ। ਉਥੇ ਕੁਝ ਰਾਗਾਂ ਨੂੰ ਉਹਨਾਂ ਨੇ ਰਾਗਾਂ ਦੀ ਸ਼ਕਤੀ ਵਧਾ ਕੇ ਉਹਨਾਂ ਨੂੰ ਆਪਣੇ ਮਨ ਭਾਉਂਦੇ ਭਾਵ ਪ੍ਰਗਟ ਕਰਨ ਦੇ ਯੋਗ ਵੀ ਬਣਾਇਆ ਹੈ।